ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine

ਸੰਪਾਦਕ
ਡਾ. ਜਾਗੀਰ ਸਿੰਘ

ਜਨਵਰੀ ੨੦੨੬

ਛ

ਛੱਡਣੀ ਪੈਸੀ ਆਖਰ ਦੁਨੀਆਂ
ਥਿਰ ਨ ਕੋਈ ਰਹਿਆ ਹੂ।
ਆਖਰ ਖਾਣਾ ਮੁਕ ਹੈ ਜਾਣਾ
ਕੀ ਸਜਰਾ ਕੀ ਬੇਹਾ ਹੂ।
ਖਾਂਦੇ ਪੀਂਦੇ ਨਾਲ ਸਵਾਦਾਂ
ਨ ਕੋਈ ਸਾਡੇ ਜੇਹਾ ਹੂ।
ਸੰਤੋਖ ਮੁਕਣਾ ਸਭ ਕੁੱਝ ਆਖਰ
ਸੰਤ ਜਨਾਂ ਨੇ ਕਹਿਆ ਹੂ।

ਪੁਸਤਕ – ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

ਅੰਮ੍ਰਿਤ ਕੀਰਤਨ

ਸੰਪਾਦਕ
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ

AMRIT KIRTAN TRUST

SCAN & PAY

UPI ID: drjagirsingh@sbi

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98556 40630
e-mail: drjagirsingh@gmail.com
Website : http://www.amritkirtan.com

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
* ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਮੈਜੇਸਟਿਕ ਪ੍ਰਿੰਟਿੰਗ ਪ੍ਰੈਸ
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।

ਇਸ ਅੰਕ ਵਿਚ

ਕਰਉ ਬੇਨੰਤੀਆ
ਪੁਛਹੁ ਜਾਇ ਸਿਆਣਿਆ 2

ਭਾਈ ਮਰਦਾਨਾ ਜੀ 6
ਵਰਿਆਮ ਸਿੰਘ ਸੰਧੂ

ਗੁਰਮਤਿ ਸੰਗੀਤ ਵਿਚ ਰਾਗ ਦੇਵਗੰਧਾਰੀ ਤੇ ਦੇਵਗੰਧਾਰ 13
ਗੁਰਨਾਮ ਸਿੰਘ (ਡਾ.)

Bhai Manjit Singh Hazuri Ragi 16
Dr. Amardev Singh

ਰਾਗ ਪ੍ਰਭਾਤੀ 18
ਅਰਸ਼ਦੀਪ ਸਿੰਘ

ਰਾਗ ਪਟਦੀਪ 20
ਸ਼੍ਰੀਮਤੀ ਜਸਵੰਤ ਬੋਲਾ, ਯੂ.ਕੇ.

ਮੈਗਜੀਨ ਦਾ ਸਾਲਾਨਾ ਚੰਦਾ ਕੋਰੀਅਰ ਰਾਹੀਂ 600/-ਰੁਪਏ

ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ।

AMRIT KIRTAN TRUST
Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address as also the deposit details to enable us to send you the receipt.

Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :

AMRIT KIRTAN TRUST
Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address as also the deposit details to enable us to send you the receipt.

ਕਰਉ ਬੇਨੰਤੀਆ

ਪੁਛਹੁ ਜਾਇ ਸਿਆਣਿਆ

ਕਿਧਰੇ ਪੜ੍ਹਿਆ ਸੀ ਕਿ ਇਕ ਮਾਂ ਜਦੋਂ ਉਸਦਾ ਪੁੱਤਰ ਸਕੂਲੋਂ ਘਰ ਆਉਂਦਾ ਤਾਂ ਉਹ ਹਰ ਰੋਜ਼ ਆਪਣੇ ਪੁੱਤਰ ਪਾਸੋਂ ਇਹ ਪੁਛਦੀ ਕਿ ਅੱਜ ਉਸ ਨੇ ਆਪਣੇ ਅਧਿਆਪਕ ਪਾਸੋਂ ਕਿਹੜਾ ਪ੍ਰਸ਼ਨ ਪੁੱਛਿਆ। ਆਖਦੇ ਹਨ ਕਿ ਇਸ ਗੱਲ ਨੇ ਉਸ ਪੁੱਤਰ ਨੂੰ ਵੱਡਾ ਵਿਗਿਆਨੀ ਬਣਾ ਦਿੱਤਾ ਤੇ ਸ਼ਾਇਦ ਉਸ ਨੂੰ ਨੋਬਲ ਪਰਾਈਜ਼ ਵੀ ਮਿਲਿਆ ਸੀ। ਜਦੋਂ ਪੁੱਛਣ ਬਾਰੇ ਮੈਂ ਚੈਟਜੀਪੀਟੀ ਨੂੰ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ-

ਪੁਛਣਾ ਇੱਕ ਸਧਾਰਣ ਕਿਰਿਆ ਹੈ, ਪਰ ਇਸ ਦੀ ਸ਼ਕਤੀ ਬਹੁਤ ਵਿਸ਼ਾਲ ਹੈ। ਪੁਛਣ ਦਾ ਮਤਲਬ ਹੈ ਜਾਣਨ ਦੀ ਇੱਛਾ ਜਾਹਿਰ ਕਰਨੀ, ਜਾਣਕਾਰੀ ਲੈਣੀ, ਮਦਦ ਮੰਗਣੀ ਜਾਂ ਨਵੀਆਂ ਸੰਭਾਵਨਾਵਾਂ ਨੂੰ ਸੱਦਾ ਦੇਣਾ। ਪੁੱਛਣਾ ਉਹ ਪੁਲ ਹੈ ਜੋ ਸਾਨੂੰ ਜਾਣੀ ਗੱਲ ਤੋਂ ਅਣਜਾਣੀ ਗੱਲ ਵੱਲ ਲੈ ਜਾਂਦਾ ਹੈ। -ਜਿਥੇ ਅਸੀਂ ਖੜ੍ਹੇ ਹਾਂ, ਉਥੋਂ ਉਸ ਥਾਂ ਤੱਕ ਜਿੱਥੇ ਅਸੀਂ ਪਹੁੰਚਣਾ ਚਾਹੁੰਦੇ ਹਾਂ।

1-ਸਿੱਖਣ ਵਾਸਤੇ ਪੁੱਛਣਾ-ਸਾਡੀ ਸਿੱਖਿਆ ਦੀ ਸ਼ੁਰੂਆਤ ਹੀ ਪੁੱਛਣ ਨਾਲ ਹੁੰਦੀ ਹੈ।ਬੱਚਾ ਵੀ ਕਿਉਂ?ਕਿਵੇਂ?ਕੀ? ਪੁੱਛ ਕੇ ਹੀ ਸਮਝ ਵਿਕਸਿਤ ਕਰਦਾ ਹੈ। ਜਿਹੜਾ ਪੁਛਦਾ ਹੈ, ਉਹ ਸਿਖਦਾ ਹੈ।

2-ਮੌਕੇ ਬਣਾਉਣ ਲਈ ਪੁੱਛਣਾ-ਜੀਵਨ ਦੇ ਬਹੁਤ ਮੌਕੇ ਸਿਰਫ ਇਸ ਲਈ ਮਿਲਦੇ ਹਨ ਕਿਉਂਕਿ ਕਿਸੇ ਨੇ ਪੁੱਛਿਆ-ਰਾਹ,ਸਲਾਹ,ਮੌਕਾ, ਮੀਟਿੰਗ ਜਾਂ ਸਾਂਝੇਦਾਰੀ। ਜੇ ਅਸੀਂ ਨਾ ਪੁੱਛੀਏ ਤਾਂ ਜਵਾਬ ਆਪਣੇ ਆਪ ਨਾਹ ਹੀ ਰਹਿੰਦਾ ਹੈ।

3-ਹਿੰਮਤ ਦਾ ਕੰਮ ਹੈ-ਪੁੱਛਣਾ

ਕਈ ਵਾਰ ਅਸੀਂ ਡਰ ਦੇ ਕਾਰਨ ਪੁੱਛਣ ਤੋਂ ਕਤਰਾਉਂਦੇ ਹਾਂ-

ਇਨਕਾਰ, ਹਾਸੇ ਜਾਂ ਕਮਜ਼ੋਰ ਦਿੱਸਣ ਦਾ ਡਰ। ਪਰ ਅਸਲ ਵਿੱਚ ਪੁੱਛਣਾ ਹਿੰਮਤ ਹੈ-ਕਿਉਂਕਿ ਇਹ ਦਸਦਾ ਹੈ ਕਿ ਅਸੀਂ ਬਿਹਤਰ ਬਣਨਾ ਚਾਹੁੰਦੇ ਹਾਂ।

4-ਰਿਸ਼ਤਿਆਂ ਵਿੱਚ ਪੁੱਛਣ ਦੀ ਭੂਮਿਕਾ-ਸਿਹਤਮੰਦ ਰਿਸ਼ਤੇ ਪੁੱਛਣ ਉੱਤੇ ਟਿਕੇ ਹੁੰਦੇ ਹਨ।ਅਸੀਂ ਇੱਕ ਦੂਜੇ ਦੀਆਂ ਜ਼ਰੂਰਤਾਂ,ਸੋਚਾਂ ਤੇ ਭਾਵਨਾਵਾਂ ਪੁੱਛ ਕੇ ਹੀ ਸਮਝ ਸਕਦੇ ਹਾਂ।ਪੁੱਛਣਾ ਗਲਤਫਹਿਮੀਆਂ ਨੂੰ ਰੋਕਦਾ ਤੇ ਪਿਆਰ ਤੇ ਸਹਿਯੋਗ ਵਧਾਂਦਾ ਹੈ।

5-ਆਪਣੇ ਅੰਦਰ ਆਪਣੇ ਆਪ ਨੂੰ ਪੁੱਛਣਾ-ਅਸੀਂ ਕੇਵਲ ਹੋਰਾਂ ਤੋ ਹੀ ਨਹੀਂ, ਆਪਣੇ ਆਪ ਤੋਂ ਵੀ ਪੁੱਛਦੇ ਹਾਂ-ਮੈਂ ਕੌਣ ਹਾਂ? ਮੇਰਾ ਮਨੋਰਥ ਕੀ ਹੈ? ਮੈਂ ਜ਼ਿੰਦਗੀ ਵਿੱਚ ਕੀ ਚਾਹੁੰਦਾ ਹਾਂ? ਇਹ ਅੰਦਰਲੇ ਸਵਾਲ ਸਾਡਾ ਚੇਤਨ ਜਗਾਉਂਦੇ ਹਨ ਅਤੇ ਵਿਕਾਸ ਦੀ ਰਾਹ ਦਿਖਾਉਂਦੇ ਹਨ।

ਅਸਲ ਵਿੱਚ ਪੁੱਛਣ ਗਿਆਨ, ਮੌਕੇ,ਰਿਸ਼ਤੇ ਅਤੇ ਬਦਲਾਅ ਦਾ ਬੀਜ ਹੈ। ਜਿਹੜਾ ਪੁਛਦਾ ਹੈ, ਉਹ ਅੱਗੇ ਵਧਦਾ ਹੈ। ਜਿਹੜਾ ਡਰਦਾ ਹੈ ਪੁੱਛਣ ਤੋਂ ਉਹ ਜਿਥੇ ਹੈ ਉਥੇ ਹੀ ਖੜ੍ਹਾ ਰਹਿ ਜਾਂਦਾ ਹੈ।

ਗੁਰਬਾਣੀ ਵਿੱਚ ਪੁੱਛਣ ਬਾਰੇ ਸਮਝਣ ਲਈ ਉਹਨਾਂ ਤੁਕਾਂ ਦਾ ਅਧਿਐਨ ਕਰਦੇ ਹਾਂ ਜਿਹਨਾਂ ਵਿੱਚ ਕੁਝ ਪੁੱਛਿਆ ਗਿਆ ਹੈ-

ਉਂਜ ਤਾਂ ਪ੍ਰਸ਼ਨ ਵਾਚਕ ਅਨੇਕਾਂ ਫੁਰਮਾਨ ਹਨ।ਅਸੀਂ ਇਹ ਵੇਖਦੇ ਹਾਂ ਜਿਥੇ ਕਿਧਰੇ 'ਪੁਛਣ' ਦੀ ਗੱਲ ਆਈ ਹੈ ਉਸ ਦੀ ਕੀ ਰਮਜ਼ ਹੈ-

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥

Go, and ask the happy soul-brides, ""By what virtuous qualities do you enjoy your Husband Lord?""

ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥

We are adorned with intuitive ease, contentment and sweet words.

ਪਿਰ ਰੀਸਾਲੂ ਤਾ ਮਿਲੈ ਤਾ ਗੁਰ ਕਾ ਸਬਦੁ ਸੁਣੀ॥ ਅੰਗ ੧੭-੧੮

We meet with our Beloved, the Source of Joy, when we listen to the Word of the Guru's Shabad."||2||

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥

The world is polluted with the filth of egotism, suffering in pain. This filth sticks to them because of their love of duality.

ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥

This filth of egotism cannot be washed away, even by taking cleansing baths at hundreds of sacred shrines.

ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥

Performing all sorts of rituals, people are smeared with twice as much filth.

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥ ਅੰਗ ੩੯

This filth is not removed by studying. Go ahead, and ask the wise ones. ||1||

ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ॥

Wandering around and making mistakes, I climb the plateau; having climbed the plateau, I go up the mountain.

ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨਾ ਪਾਉ॥

But now I have lost my way, and I am wandering around in the forest; without the Guru, I do not understand.

ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ॥੭॥

If I wander around forgetting God's Name, I shall continue coming and going in reincarnation, over and over again. ||7||

ਪੂਛਹੁ ਜਾਇ ਪਧਾਊਆ ਚਲੇ ਚਾਕਰ ਹੋਇ॥ ਅੰਗ ੫੭

Go and ask the travellers, how to walk on the Path as His slave.

ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ॥ ਅੰਗ ੮੬

Through stubborn-mindedness, none have found Him; go and consult the Vedas on this.

ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ॥ ਅੰਗ ੨੪੨

Without her Husband, her home is not worth living in; go and ask your sisters and companions.

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ ਅੰਗ ੩੪੯

Recognize the Lord's Light within all, and do not consider social class or status; there are no classes or castes in the world hereafter. ||

ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ॥ ਅੰਗ ੫੫੧

O Nanak, through sexual desire and anger, no one has ever found God - go, and ask any wise man. ||1||

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥

Death comes to all, and all must suffer separation.

ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ॥ ਅੰਗ ੫੯੫

Go and ask the clever people, whether they shall meet in the world hereafter.

ਰਾਮ ਨਾਮਿ ਲਗਿ ਛੁਟੀਐ ਭਾਈ ਪੂਛਹੁ ਗਿਆਨੀਆ ਜਾਇ॥ ਅੰਗ ੬੦੩

Attached to the Lord's Name, one is emancipated, O Siblings of Destiny; go and ask the wise ones about this

ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥ ਅੰਗ ੬੩੮

Without the Guru, celestial peace is not produced, O Siblings of Destiny; go and ask the spiritual teachers about this.

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥

Go and ask the happy, pure soul-brides, how did they obtain their Husband Lord?

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥

Whatever the Lord does, accept that as good; do away with your own cleverness and self-will.

ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥

By His Love, true wealth is obtained; link your consciousness to His lotus feet.

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥

As your Husband Lord directs, so you must act; surrender your body and mind to Him, and apply this perfume to yourself.

ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥ ਅੰਗ ੭੨੨

So speaks the happy soul-bride, O sister; in this way, the Husband Lord is obtained. ||3|

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥

One who turns away from the Guru, and becomes baymukh - without the True Guru, he shall not find liberation

ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥ ਅੰਗ ੯੨੦

He shall not find liberation anywhere else either; go and ask the wise ones about this.

ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ॥

They accept what is pleasing to the Will of the True Guru, and act accordingly.

ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ॥ ਅੰਗ ੯੫੧

Go and consult the Smritis, the Shastras, the writings of Vyaas, Suk Dayv, Naarad, and all those who preach to the world.

ਜਿਨ ਪਾਇਆ ਤਿਨ ਪੂਛਹੁ ਭਾਈ ਸੁਖੁ ਸਤਿਗੁਰ ਸੇਵ ਕਮਾਈ ਹੇ॥ ਅੰਗ ੧੦੨੬

So, ask one who has obtained it, O Siblings of Destiny. Serve the True Guru, and find peace. ||10||

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ॥ ਗਿਆਨੀ ਧਿਆਨੀ ਪੂਛਹੁ ਕੋਈ॥

ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ ਦਰਿ ਸਚੈ ਸੋਭਾ ਪਾਇਦਾ॥ ਅੰਗ ੧੦੬੩

Without serving the True Guru, no one finds liberation. Go ask any spiritual teacher or mediator. Whoever serves the True Guru is blessed with glorious greatness, and honored in the Court of the True Lord. ||14||

ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ ਜਾਇ ਪੂਛਹੁ ਵੇਦ ਪੁਰਾਣੀ ਹੈ॥ ਅੰਗ ੧੦੭੦

The Lord preserves the honor of those who seek His Sanctuary; go and consult the Vedas and the Puranas. ||9||

ਪੂਛਹੁ ਜਾਇ ਸਿਆਣਿਆ ਦੁਖੁ ਕਾਟੈ ਮੇਰਾ ਕੋਇ॥ ਅੰਗ ੧੦੯੭

I go and ask the clever people, if there is anyone who can rid me of my pain.

ਨਾਰਦ ਬਚਨ ਬਿਆਸ ਕਹਤ ਹੈ ਸੁਕ ਕਉ ਪੂਛਹੁ ਜਾਈ ॥

ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤਾ ਬੂਡੇ ਭਾਈ ॥ ਅੰਗ ੧੧੦੩

Naarad and Vyaasa say these things; go and ask Suk Dayv as well. Says Kabir, chanting the Lord's Name, you shall be saved; otherwise, you shall drown, brother. ||4||1||

ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰ ॥ ਅੰਗ ੧੨੦੦

Without the Sat Sangat, the True Congregation, no one finds any peace. Go and ask the scholars of the Vedas. ||3||

ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥

ਪੂਛਹੁ ਸਗਲ ਬੇਦ ਸਿੰਮ੍ਰਿਤੇ ॥ ਅੰਗ ੧੩੪੮

Without the True Guru, no one has attained the supreme-status. Go ahead and ask all the Vedas and the Smritis.

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ ਅੰਗ ੧੩੭੯

Last night, I did not sleep with my Husband Lord, and now my body is suffering in pain. Go and ask the deserted bride, how she passes her night. ||30||

ਪੁੱਛਣ ਦੇ ਵੱਖ ਵੱਖ ਮੌਕਿਆਂ ਅਨੁਸਾਰ ਵੱਖ ਵੱਖ ਲੋਕਾਂ ਤੋਂ ਪੁੱਛਿਆ ਜਾਂਦਾ ਹੈ। ਜਿਵੇਂ ਉਪਰ ਲਿਖੀਆਂ ਤੁਕਾਂ ਵਿੱਚ ਸੁਹਾਗਣੀ, ਦੁਹਾਗਣੀ, ਵੇਦਾਂ, ਸਿਮਰਿਤੀਆਂ, ਨਾਰਦ, ਬਿਆਸ, ਸੁਖਦੇਵ, ਗਿਆਨੀਆਂ, ਸਿਆਣਿਆਂ, ਵੇਦਾਂ, ਬਿਬੇਕੀਆਂ, ਗਿਆਨੀਆਂ, ਸਿਆਣਿਆਂ, ਸਖੀਆਂ, ਸਹੇਲੀਆਂ, ਪਾਂਧੀਆਂ ਆਦਿ ਤੋਂ ਪੁਛਿਆ ਗਿਆ ਹੈ। ਉਂਜ ਤਾਂ ਇਹ ਵੀ ਆਖਿਆ ਜਾਂਦਾ ਹੈ ਕਿ ਜੇਕਰ ਨੇੜੇ ਕੋਈ ਨਾ ਹੋਵੇ ਤਾਂ ਕੰਧ ਕੋਲੋਂ ਹੀ ਪੁੱਛ ਲੈਣਾ ਚਾਹੀਦਾ ਹੈ। ਪੁਰ ਪੁੱਛਣ ਦੀ ਮਹਿਮਾ ਬਹੁਤ ਹੈ।

ਆਓ ਨਵੇਂ ਸਾਲ ਵਿੱਚ ਅਸੀਂ ਕੁਝ ਯੋਜਨਾ ਬੱਧ ਤਰੀਕੇ ਨਾਲ ਹਰ ਇੱਕ ਨਾਲ ਗੱਲਬਾਤ ਕਰਨ ਲਈ ਪੁਛਣ ਦੀ ਪਿਰਤ ਪਾਈਏ। ਜ਼ਰੂਰੀ ਨਹੀਂ ਕਿਸੇ ਮਸਲੇ ਬਾਰੇ ਹੀ ਪੁੱਛੀਏ ਕਿਸੇ ਦਾ ਹਾਲ-ਚਾਲ ਹੀ ਪੁੱਛੀਏ, ਕਿਸੇ ਕੋਈ ਪ੍ਰਾਪਤੀ ਕੀਤੀ ਹੈ ਉਸ ਦੀ ਸ਼ਲਾਘਾ ਕਰਦਿਆਂ ਉਸ ਨੇ ਕਿਵੇਂ ਇਹ ਕੁਝ ਕੀਤਾ ਇਸ ਬਾਰੇ ਪੁੱਛੀਏ। ਵਾਹਿਗੁਰੂ ਸਭ ਦਾ ਭਲਾ ਕਰੇ। ਭੁੱਲ ਚੁੱਕ ਖਿਮਾ--------ਜਾਗੀਰ ਸਿੰਘ

ਹੁਣ ਆਪ ਜੀ 'ਅੰਮ੍ਰਿਤ ਕੀਰਤਨ' ਦੇ ਸਾਰੇ ਪੁਰਾਣੇ ਅੰਕ https://amritkirtan.com/magazine.html ਤੇ ਪੜ੍ਹ ਸਕਦੇ ਹੋ।

ਭਾਈ ਮਰਦਾਨਾ ਜੀ

ਅੱਜ ਗੁਰੂ ਨਾਨਕ ਪਾਤਸ਼ਾਹ ਦੇ ਵੱਡੇ ਭਰਾ ਦੇ ਜੋਤੀ-ਜੋਤ ਸਮਾਉਣ ਦਾ ਦਿਨ ਹੈ
ਇੱਕ ਵਾਰ ਮੁੜ ਤੋਂ ਭਾਈ ਮਰਦਾਨਾ ਜੀ ਨੂੰ ਵੀ ਯਾਦ ਕਰ ਲਈਏ
(ਜੇ ਕੋਈ ਹਿੰਮਤ ਕਰ ਕੇ ਸਾਰੀ ਲਿਖਤ ਪੜ੍ਹ ਲਵੇ ਤਾਂ ਅੰਤ ’ਤੇ ਦਿੱਤੇ ਸਵਾਲ ਦਾ ਜਵਾਬ ਜ਼ਰੂਰ ਦੇਵੇ)

ਵਰਿਆਮ ਸਿੰਘ ਸੰਧੂ

ਸਾਡੇ ਕਥਾ-ਵਾਚਕ ਤੇ ਸਾਖੀਕਾਰ ਬਾਬੇ ਨਾਨਕ ਦੀ ਵਡਿਆਈ ਇਸ ਗੱਲ ਵਿੱਚ ਦਰਸਾਉਂਦੇ ਨੇ ਕਿ ਉਹਨੇ ਮਰਦਾਨੇ ਨੂੰ ਨੀਵੀਂ ਜਾਤ ਦਾ ਡੂੰਮ, ਮਰਾਸੀ ਜਾਂ ਮੰਗ-ਖਾਣੀ ਜਾਤ ਦਾ ਹੋਣ ਦੇ ਬਾਵਜੂਦ ਆਪਣੇ ਨਾਲ ਜੋੜ ਕੇ ਜਾਤ-ਪਾਤ ਤੇ ਊਚ-ਨੀਚ ਦੇ ਬੰਧਨ ਤੋੜ ਦਿੱਤੇ ਸਨ। ਉਹਨਾਂ ‘ਏਕ ਪਿਤਾ ਏਕਸੁ ਕੇ ਹਮੁ ਬਾਰਿਕ’ ਦੇ ਕਥਨ ਨੂੰ ਅਮਲ ਵਿੱਚ ਪ੍ਰਗਟਾ ਦਿੱਤਾ ਸੀ। ਇਹ ਗੱਲ ਵੀ ਠੀਕ ਹੈ, ਤੇ, ਇਸਦਾ ਪ੍ਰਤੀਕਾਤਮਕ ਮਹੱਤਵ ਵੀ ਬਣਦਾ ਹੈ, ਪਰ, ਗੱਲ ਸਿਰਫ਼ ਏਨੀ ਹੀ ਨਹੀਂ ਸੀ। ਜਦ ਕੋਈ ਯਾਰ ਜਾਂ ਭਰਾ (ਭਾਈ) ਬਣ ਜਾਂਦਾ ਹੈ ਤਾਂ ਜਾਤ-ਪਾਤ ਜਾਂ ਊਚ-ਨੀਚ ਰਹਿੰਦੀ ਕਿੱਥੇ ਹੈ* ਗੁਰੂ ਸਾਹਿਬ ਨੇ ਮਰਦਾਨੇ ਨੂੰ ‘ਭਾਈ’ ਦਾ ਰੁਤਬਾ ਦੇ ਕੇ ਹਿੱਕ ਨਾਲ ਲਾਇਆ ਸੀ। ਭਾਈ ਮਰਦਾਨੇ ਦੇ ਨਾਲ ‘ਭਾਈ’ ਦਾ ਇਹ ਰੁਤਬਾ ਵੀ ਸਿੱਖ-ਪੰਥ ਵਿੱਚ ਅਮਰ-ਪਦ ਪ੍ਰਾਪਤ ਕਰ ਗਿਆ। ਉਹਨਾਂ ਦੀ ਸਾਂਝ ਦੋ ਸਰੀਰਾਂ ਦੀ ਨਹੀਂ, ਦੋ ਰੂਹਾਂ ਦੀ ਸਾਂਝ ਸੀ। ਦੋਵੇਂ ਇੱਕ-ਦੂਜੇ ਦੇ ਪੂਰਕ ਸਨ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਗਲ਼ ਨਾਲ ਲਾ ਕੇ, ਜਿਵੇਂ ਕਥਾਕਾਰ ਆਖਦੇ ਜਾਂ ਸਮਝਦੇ ਹਨ, ਉਸ ਉੱਤੇ ਅਹਿਸਾਨ ਨਹੀਂ ਸੀ ਕੀਤਾ। ਮਰਦਾਨਾ ਗੁਰੂ ਦੀ ਅਪਣੱਤ ਸੀ, ਗੁਰੂ ਦੀ ਮੁਹੱਬਤ ਸੀ, ਗੁਰੂ ਦੀ ਲੋੜ ਵੀ ਸੀ। ਗੁਰੂ ਸਾਹਿਬ ਜਦ ਵੀ ਸ਼ਬਦ ਉਚਾਰਨ ਕਰਦੇ ਤਾਂ ਸਦਾ ਇਹੋ ਆਖਦੇ, “ਭਾਈ ਮਰਦਾਨਿਆ* ਰਬਾਬ ਛੇੜ ਬਾਣੀ ਆਈ ਹੈ।” ਅਸਲ ਵਿੱਚ ਇਹ ਰਿਸ਼ਤਾ ਮਾਨਵੀ ਸਾਂਝ ਦਾ ਸਿਖਰ ਵੀ ਸੀ ਤੇ ਸੰਗੀਤ ਅਤੇ ਸ਼ਬਦ ਦੀ ਪੀਚਵੀਂ ਸਾਂਝ ਦੇ ਹਕੀਕੀ ਜਲੌਅ ਦਾ ਪ੍ਰਗਟਾਵਾ ਵੀ।

ਕਦੀ ਮਰਦਾਨੇ ਨੂੰ ਇਸ ਨਜ਼ਰ ਨਾਲ ਵੀ ਵੇਖਣ ਦਾ ਸੋਚੀਏ ਕਿ ਸਭ ਨੂੰ ਬਖ਼ਸ਼ਿਸ਼ਾਂ ਕਰਨ ਵਾਲੇ, ਸਭਨਾਂ ਦੀਆਂ ਮੰਗਾਂ ਪੂਰੀਆਂ ਕਰਨ ਵਾਲੇ ਗੁਰੂ ਪਾਤਸ਼ਾਹ ਦੀ ‘ਮੰਗ’ ਪੂਰੀ ਕਰਨ ਵਾਲਾ ਭਾਈ ਮਰਦਾਨਾ ਹੀ ਹੈ। ਉਹ ਓਸੇ ਵੇਲੇ ਸੁਰਤੀ-ਬਿਰਤੀ ਜੋੜ ਕੇ ਰਬਾਬ ਨੂੰ ਸੁਰ ਕਰ ਕੇ ਰਬਾਬ ਛੇੜਦਾ ਹੈ ਤੇ ਬਾਬਾ ਜੀ ਅਲਾਪ ਲੈਂਦੇ ਹਨ। ਹਵਾਵਾਂ ਵਿੱਚ, ਮਨਾਂ ਵਿੱਚ ਸ਼ਬਦ ਦੇ ਅਰਥ ਗੂੰਜਣ ਲੱਗਦੇ ਹਨ। ਮਰਦਾਨਾ ਬਾਬੇ ਦੇ ਸ਼ਬਦ ਦੀ ਅਮਰਤਾ ਨੂੰ ਮਿਠਾਸ ਨਾਲ ਭਰ ਦਿੰਦਾ ਹੈ। ਸੰਗੀਤ ਮਨਾਂ ਨੂੰ ਸੁਰ ’ਤੇ ਸ਼ਾਂਤ ਕਰਦਾ। ਮਨ-ਮਾਹੌਲ ਸੁਣਨ ਯੋਗ ਬਣ ਜਾਂਦਾ। ਰਾਗ ਦਿਲਾਂ ਵਿੱਚ ਸਿਆੜ ਕੱਢਦਾ ਤੇ ਬਾਬਾ ਵਗਦੇ ਸਿਆੜਾਂ ਵਿੱਚ ਸ਼ਬਦ ਦਾ ਬੀਜ, ਨਾਮ ਦਾ ਬੀਜ ਬੀਜਣ ਲੱਗਦਾ।

ਤਲਵੰਡੀ ਵਿੱਚ ਇੱਕ ਦਿਨ ਕਿਸੇ ਬਿਰਖ਼ ਹੇਠਾਂ ਅਰਾਮ ਕਰ ਰਹੇ ਗੁਰੂ ਨਾਨਕ ਨੂੰ ਨੇੜੇ ਹੀ ਕਿਧਰੇ ਵੱਜਦੀ ਰਬਾਬ ਦੀ ਮਿੱਠੀ ਧੁਨ ਸੁਣਾਈ ਦਿੱਤੀ। ਸੰਗੀਤ ਦੀ ਖਿੱਚ ਨੇ ਆਵਾਜ਼ ਵੱਲ ਤੋਰ ਲਿਆ। ਭਾਈ ਮਰਦਾਨਾ ਅੱਖਾਂ ਮੁੰਦੀ ਰਬਾਬ ਵਜਾ ਰਹੇ ਸਨ। ਗੁਰੂ ਜੀ ਨੇ ਕੋਲ ਜਾ ਕੇ ਪੁੱਛਿਆ, “ਭਾਈ, ਤੇਰਾ ਨਾਉਂ ਕਿਆ ਹੈ” ਤਾਂ ਅੱਗੋਂ ਰਬਾਬ ਵਜਾਉਣ ਵਾਲੇ ਨੇ ਜਵਾਬ ਦਿੱਤਾ, “ਜੀ ਮੇਰਾ ਨਾਉਂ ‘ਦਾਨਾ’ ਹੈ, ਲੋਕ ਮਰਾਸੀ ਕਹਿੰਦੇ ਹਨ।” ਗੁਰੂ ਜੀ ਨੇ ਕਿਹਾ ਕਿ “ਤੂੰ ਰਬਾਬ ਭਲਾ ਵਜਾਇੰਦਾ ਹੈਂ, ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਇਹ ਰਾਗ ਸ਼ਬਦ ਪਾਇਕੈ ਗਾਵੈਂ ਤਾਂ ਤੇਰਾ ਦੀਨ ਦੁਨੀ ਵਿੱਚ ਉਧਾਰ ਕਰੀਏ।” ਭਾਈ ਮਰਦਾਨੇ ਦੇ ਕੁਝ ਸਵਾਲ ਸਨ।

“ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਂਦੇ ਹਾਂ, ਆਪਣੇ ਧੀਆਂ-ਪੁੱਤਰਾਂ ਦਾ ਦੁਨੀਆਂ ਵਿਚ ਗੁਜ਼ਰਾਨ ਕਰਦੇ ਹਾਂ। ਅਸੀਂ ਜੇ ਤੇਰੇ ਨਾਲ ਲੱਗਾਂਗੇ ਤਾਂ ਜੋ ਕੁਟੰਬੀ ਹੈਨਿ, ਸੋ ਸਭ ਭੁੱਖ ਨਾਲ ਮਰ ਜਾਣਗੇ। ਤੁਸੀਂ ਉਧਾਰ ਕਿਸਤਰ੍ਹਾਂ ਕਰੋਗੇ”

ਇਹ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ, “ਦਾਨਿਆਂ* ਤੂੰ ਦੀਵਾਨਾ ਹੋਇਆ ਹੈਂ। ਸਭ ਦੀ ਪ੍ਰਤਿਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਅਤੇ ਰੋਜ਼ਾ ਖ਼ੁਦਾ ਦੇ ਘਰੋਂ ਬਖ਼ਸ਼ਿਸ਼ ਹੈ। ਖ਼ੁਦਾ ਦਾ ਘਰ ਮਹਾਂਪੁਰਸ਼ਾਂ ਦਾ ਰਿਦਾ ਹੈ। ਜਦ ਲੇਖਾ ਹੋਵੈਗਾ ਤਾਂ ਕਿਸੇ ਨੇ ਹਾਮੀ ਨਹੀਂ ਭਰਨੀ।” ਫਿਰ ਗੁਰੂ ਜੀ ਨੇ ਅੰਤਮ ਬਾਤ ਆਖ ਦਿੱਤੀ, “ਦਾਨਿਆਂ* ਜੇ ਹੁਣ ਤੂੰ ਮਰਦਾਨਾ (ਸੂਰਮਾ) ਹੋਵੇਂ, ਸ਼ਬਦ ਪਾਇਕੈ ਰਾਗ਼ ਨੂੰ ਗਾਵੇਂ ਤਾਂ ਤੇਰਾ ਦੋਹਾਂ ਜਹਾਨਾਂ ਦਾ ਕਾਰਜ

ਹੋਵੇਗਾ। ”

ਜ਼ਾਹਿਰ ਹੈ ਸਾਖੀ ਵਿੱਚ ਪੇਸ਼ ਇਹ ਵਾਰਤਾਲਾਪ ਲੰਮੀ ਪ੍ਰਕਿਰਿਆ ਦਾ ਸਾਰ-ਸੰਖੇਪ ਹੈ। ਇੱਕੋਮਿਲਣੀ ਵਿੱਚ ਸ਼ਾਇਦ ਇੰਝ ਨਾ ਹੋਇਆ ਹੋਵੇ। ਦੋਵਾਂ ਵਿੱਚ ਕਈ ਦਿਨ ਲੰਮੀ ਚਰਚਾ ਹੁੰਦੀ ਰਹੀ ਹੋਵੇਗੀ। ਕਦੀ-ਕਦੀ ਮਰਦਾਨੇ ਨੇ ਬਾਬੇ ਦੇ ਕਹਿਣ ’ਤੇ, ਅਭਿਆਸ ਵਜੋਂ, ਸ਼ਬਦ ਨਾਲ ਰਬਾਬ ਦੀ ਸੁਰ ਮਿਲਾ ਕੇ ਵੀ ਵੇਖੀ ਹੋਵੇਗੀ। ਅਜਿਹਾ ਕਰਦਿਆਂ ਵੱਜਦ ਵਿੱਚ ਵੀ ਆਇਆ ਹੋਵੇਗਾ। ਰੂਹ ਵਿਚ ਕੁਝ ਜਗਦਾ ਹੋਇਆ ਵੀ ਦਿਸਣ ਲੱਗਾ ਹੋਵੇਗਾ। ਤੇ ਇੰਝ ਕਰਦਿਆਂ ਗੁਰੂ ਜੀ ਦੇ ਬਚਨ ਸੁਣ ਕੇ ਮਰਦਾਨੇ ਦੇ ਸਭ ਸ਼ੰਕੇ ਨਵਿੱਰਤ ਹੋ ਗਏ ਹੋਣਗੇ। ਉਸਨੇ ਸਿਰ ਝੁਕਾਅ ਕੇ ਗੁਰੂ ਜੀ ਦੀ ਪੇਸ਼ਕਸ਼ ਪ੍ਰਵਾਨ ਕਰ ਲਈ ਹੋਵੇਗੀ।

ਭਾਈ ਦਾਨਾ ਹੁਣ ‘ਮਰਦਾਨਾ’ ਹੋ ਗਿਆ। ‘ਸੂਰਮਾ’ ਹੋ ਗਿਆ। ਘਰ-ਪਰਿਵਾਰ ਨੂੰ ਤਿਆਗ ਕੇ ਸਾਰੀ ਉਮਰ ਗੁਰੂ ਦੇ ਲੇਖੇ ਲਾ ਦੇਣੀ ਸੂਰਮਗਤੀ ਹੀ ਤਾਂ ਸੀ। ਪਹਿਲਾਂ-ਪਹਿਲਾਂ ਤਲਵੰਡੀ ਦੀਆਂ ਜੂਹਾਂ ਵਿਚ ਮਰਦਾਨੇ ਦੀ ਰਬਾਬ ਤੇ ਗੁਰੂ ਦਾ ਸ਼ਬਦ ਗੂੰਜਣ ਲੱਗੇ। ਬਾਅਦ ਵਿੱਚ ਤਲਵੰਡੀ ਤੋਂ ਤੁਰਦੀ ਸ਼ਬਦ ਅਤੇ ਸੰਗੀਤ ਦੀ ਇਹ ਜੁਗਲ-ਬੰਦੀ ਕੁਲ ਸੰਸਾਰ ਦੀਆਂ ਹਵਾਵਾਂ ਵਿਚ ਘੁਲ਼ ਗਈ।

ਭਾਈ ਮਰਦਾਨਾ ਉਮਰ ਵਿੱਚ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਵੱਡਾ ਸੀ॥ ਉਸਨੇ ਲਗਪਗ 54 ਸਾਲ ਗੁਰੂ ਜੀ ਦੀ ਸੰਗਤ ਕੀਤੀ। ਏਨਾ ਮਾਣ ਇਤਿਹਾਸ ਵਿਚ ਭਲਾ ਹੋਰ ਕਿਸ ਨੂੰ ਮਿਲਿਆ ਹੈ* ਗੁਰੂ ਜੀ ਦੀ ਸੰਗਤ ਵਿੱਚ ਰਹਿ ਕੇ ਮਰਦਾਨਾ ਕੀ ਤੋਂ ਕੀ ਹੋ ਗਿਆ ਹੋਵੇਗਾ* ਭਗਤ ਕਬੀਰ ਜੀ ਕਹਿੰਦੇ ਹਨ:

ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹੀਓ ਢਾਕ ਪਲਾਸ॥
ਓਇ ਭੀ ਚੰਦਨ ਹੋਇ ਰਹੇ, ਬਸੇ ਜੁ ਚੰਦਨ ਪਾਸ॥

ਜਿਵੇਂ ਚੰਦਨ ਰੁੱਖ ਦੀ ਸੰਗਤ ਕਰਕੇ ਆਸ ਪਾਸ ਦੇ ਬੂਟਿਆਂ ਤੋਂ ਵੀ ਚੰਦਨ ਦੀ ਮਹਿਕ ਆਉਣ ਲੱਗਦੀ ਹੈ। ਉਹ ਬੂਟੇ ਚੰਦਨ ਨਾਲ ਰਹਿ ਕੇ ਚੰਦਨ ਵਰਗੇ ਬਣ ਜਾਂਦੇ ਹਨ। ਇਸੇ ਤਰ੍ਹਾਂ ਸੰਤ ਦੀ ਸੰਗਤ ਕਰਨ ਵਾਲਾ ਮਨੁੱਖ ਵੀ ਸੰਤ ਵਰਗਾ ਗਿਆਨਵਾਨ ਹੋ ਜਾਂਦਾ ਹੈ।

ਮਰਦਾਨਾ ਵੀ ਚੰਦਨ ਨਾਲ ਰਹਿ ਕੇ ਚੰਦਨ ਹੋ ਗਿਆ ਸੀ। ਐਵੇਂ ਤਾਂ ਨਹੀਂ ਭਾਈ ਗੁਰਦਾਸ ਨੇ ਜੇ ਗੁਰੂ ਨਾਨਕ ਪਾਤਸ਼ਾਹ ਨੂੰ ‘ਇੱਕ’ ਕਿਹਾ ਹੈ ਤਾਂ ਮਰਦਾਨੇ ਨੂੰ ਉਸਤੋਂ ਬਾਅਦ ‘ਦੂਜਾ’ ਕਹਿ ਕੇ ਸਨਮਾਨ ਦਿੱਤਾ ਹੈ। ਇੱਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ।

ਸਿੱਖ ਇਤਿਹਾਸ ਵਿਚ ਗੁਰੂ ਨਾਨਕ ਤੋਂ ਬਾਅਦ ਦੂਜਾ ਨਾਂ ਭਾਈ ਮਰਦਾਨੇ ਦਾ ਆਉਣਾ, ਭਾਈ ਮਰਦਾਨੇ ਦੀ ਅਜ਼ਮਤ ਦਾ ਲਖਾਇਕ ਹੈ। ਗੁਰੂ ਨਾਨਕ ਨਾਲ ‘ਦੂਜਾ ਗੁਰੂ ਅੰਗਦ’ ਤਾਂ ਬਾਅਦ ਵਿੱਚ ਆਉਂਦਾ ਹੈ; ਬਾਅਦ ਵਿੱਚ ਜੁੜਦਾ ਹੈ, ਪਰ ‘ਦੂਜਾ ਰਬਾਬੀ ਮਰਦਾਨਾ’ ਪਹਿਲਾਂ ਆਉਂਦਾ ਹੈ।

ਗੁਰੂ ਜੀ ਦੀ ਪਾਰਖੂ ਅੱਖ ਨੇ ਭਾਈ ਮਰਦਾਨੇ ਨੂੰ ਐਵੇਂ ਨਹੀਂ ਸੀ ਚੁਣਿਆਂ। ਉਹਨਾਂ ਜਾਣ ਲਿਆ ਸੀ, ਸੰਗੀਤ ਭਾਈ ਮਰਦਾਨੇ ਦੀ ਆਤਮਾ ਸੀ। ਉਹ ਗਾਇਕ ਤੇ ਸੰਗੀਤਕਾਰ ਵੀ ਕੋਈ ਛੋਟਾ-ਮੋਟਾ ਨਹੀਂ ਸੀ। ਅਕਬਰ ਦੇ ਨੌਂ ਰਤਨਾਂ ਵਿਚੋਂ ਇੱਕ ਰਤਨ ਤਾਨਸੈਨ, ਜੋ ਸੰਸਾਰ-ਪ੍ਰਸਿੱਧ ਗਾਇਕ ਸੀ, ਉਹਦੇ ਗੁਰੂ ਦਾ ਨਾ ਹਰਿਦਾਸ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਹਰਿਦਾਸ ਭਾਈ ਮਰਦਾਨੇ ਦਾ ਸ਼ਾਗਿਰਦ ਸੀ।

ਭਾਈ ਗੁਰਦਾਸ ਆਪਣੀ ਗਿਆਰ੍ਹਵੀਂ ਵਾਰ ਵਿੱਚ ਲਿਖਦੇ ਹਨ:

‘ਭਲਾ ਰਬਾਬ ਵਜਾਇੰਦਾ, ਮਜਲਸ ਮਰਦਾਨਾ ਮੀਰਾਸੀ। ’

ਮਜਲਸ ਵਿੱਚ ਕੋਈ ਭਾਈ ਮਰਦਾਨਾ ਜੀ ਵਰਗੀ ਰਬਾਬ ਨਹੀਂ ਸੀ ਵਜਾ ਸਕਦਾ। ਏਸੇ ਕਰ ਕੇ ਤਾਂ ‘ਸਭਨਾਂ ਦੇ ਦਾਤੇ’ ਗੁਰੂ ਸਾਹਿਬ ਨੇ ਮਰਦਾਨੇ ਕੋਲੋਂ ਆਪਣੇ ਸ਼ਬਦ ਵਾਸਤੇ ਸੰਗੀਤ ਦੀ ਦਾਤ ਦੀ ‘ਮੰਗ’ ਕੀਤੀ ਸੀ। ਮਰਦਾਨਾ ਇਹ ਸੁਣ ਕੇ ਧੰਨ ਹੋ ਗਿਆ। ਫਿਰ ਸਾਰੀ ਉਮਰ ਗੁਰੂ ਦਾ ਸਾਥ ਨਹੀਂ ਛੱਡਿਆ। ਨਾਨਕ ਉਹਦੇ ਹਰ ਸਾਹ ਵਿਚ ਵੱਸ ਗਿਆ ਸੀ। ਤਾਰੀਖ਼ਿ-ਪੰਜਾਬ ਦਾ ਲੇਖਕ ਲਿਖਦਾ ਹੈ ਕਿ ਮਰਦਾਨੇ ਦੀ ਰਬਾਬ ਦੀ ਹਰ ਤਾਰ ਵਿੱਚੋਂ ‘ਨਿਰੰਕਾਰ ਨਾਨਕ ਬੰਦਾ ਤੇਰਾ ਹੈ’ ਦੀ ਧੁਨੀ ਨਿਕਲਦੀ ਰਹਿੰਦੀ ਸੀ ਤੇ ਬਾਬਾ ਨਾਨਕ ਜੀ ‘ਕਰਤਾਰ-ਕਰਤਾਰ’ ਬੋਲਦੇ।

ਗੁਰੂ ਗ੍ਰੰਥ ਸਾਹਿਬ ਵਿਚ ਬਾਕੀ ਗੁਰੂ ਸਾਹਿਬਾਨ ਤੋਂ ਇਲਾਵਾ ਆਪਣੀ ਰਚਨਾ ਪਿੱਛੇ ‘ਨਾਨਕ’ ਦਾ ਨਾਂ

ਦਰਜ ਕਰਨ ਦਾ ਹੱਕ ਭਾਈ ਮਰਦਾਨੇ ਨੂੰ ਹੀ ਮਿਲਿਆ। **'ਨਾਨਕ ਨਾਨਕ'** ਕਰਦਿਆਂ ਉਹ **'ਨਾਨਕ ਰੂਪ'** ਹੋ ਗਿਆ ਸੀ।

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਮਹਾਨ ਕੋਸ਼' 'ਚ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਾਰ ਬਿਹਾਗੜਾ ਵਿੱਚ ਭਾਈ ਮਰਦਾਨਾ ਜੀ ਦੇ ਤਿੰਨ ਸਲੋਕਾਂ ਬਾਰੇ ਵੇਰਵਾ ਦਿੱਤਾ ਹੈ।

ਇਕੋ ਨਾਂਉ ਤਕੜਾ ਕੀਉਨ,
ਹੋਰ ਨਾਂਵ ਸਭ ਕੀਅਨ ਖਰਾਬਾ।
ਨੇੜੈ ਨਜੀਕ ਖੁਦਾਇ ਦੇ ਬਾਬਾ।

*** ***

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ।
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰ।
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਅਹਾਰੁ।
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ।

*** ***

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ।
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।
ਗਿਆਨੁ ਗੁੜੁ ਸਲਾਹ ਮੰਡੇ ਭਉ ਮਾਸੁ ਅਹਾਰੁ।
ਨਾਨਕ ਇਹ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ।
ਕਾਂਯਾ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ
ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰੁ।

ਓਸ਼ੋ ਨੇ ਗੁਰੂ ਨਾਨਕ ਸਾਹਿਬ ਬਾਰੇ ਕਿਹਾ ਹੈ, "ਯੋਗ ਨਹੀਂ, ਤਪੱਸਿਆ ਨਹੀਂ, ਧਿਆਨ ਨਹੀਂ, ਉਹਨਾਂ ਸਿਰਫ਼ ਗਾਇਆ ਤੇ ਗਾ ਕੇ ਪਾ ਲਿਆ। ਪਰ, ਗਾਇਆ ਪੂਰੇ ਪ੍ਰਾਣਾਂ ਨਾਲ, ਕਿ, ਗੀਤ ਹੀ ਯੋਗ ਹੋ ਗਿਆ। ਗੀਤ ਹੀ ਤਪ ਹੋ ਗਿਆ। ਪ੍ਰਮਾਤਮਾ ਦੇ ਰਾਹ 'ਤੇ ਨਾਨਕ ਲਈ ਗੀਤ ਤੇ ਫੁੱਲ ਹੀ ਵਿਛੇ ਹਨ। ਉਹਨਾਂ ਦਾ ਰਾਹ ਬਹੁਤ ਹੀ ਮਧੁਰ ਅਤੇ ਰਸ-ਭਰਿਆ ਹੈ।" ਹੁਣ ਕੌਣ ਨਹੀਂ ਜਾਣਦਾ ਕਿ ਗਾਇਨ ਲਈ ਸ਼ਬਦ ਦੇ ਨਾਲ ਸੁਰ ਦਾ ਕੈਸਾ ਜੁੜਵਾਂ ਤੇ ਅਟੁੱਟ ਰਿਸ਼ਤਾ ਹੈ। ਇਹੋ ਜਿਹਾ ਹੀ ਨਾਨਕ ਤੇ ਮਰਦਾਨੇ ਦਾ ਰਿਸ਼ਤਾ ਹੈ।

ਬੁਰਾਈ-ਚੰਗਿਆਈ ਦਾ ਸਦੀਵੀ ਯੁੱਧ ਲੜਨ ਲਈ ਗੁਰੂ ਸਾਹਿਬ ਗਿਆਨ ਨੂੰ ਖੜਗ ਕਹਿੰਦੇ ਨੇ। ਗਿਆਨ ਸ਼ਬਦ ਵਿੱਚ ਹੈ ਤੇ ਸ਼ਬਦ ਤੇ ਸੰਗੀਤ ਜੁੜਵੇਂ ਹਥਿਆਰ ਹਨ। ਢਾਲ ਅਤੇ ਤਲਵਾਰ। ਧਰਮ-ਯੁੱਧ ਵਿੱਚ ਜਿੱਤ ਹਾਸਲ ਕਰਨ ਲਈ ਦੋਵਾਂ ਦਾ ਸੰਗ-ਸਾਥ ਲਾਜ਼ਮ ਹੈ। ਸ਼ਬਦ ਅਤੇ ਸੰਗੀਤ ਮਿਲ ਕੇ ਮਨੁੱਖ ਦਾ ਕਾਇਆ ਕਲਪ ਕਰ ਦਿੰਦੇ ਹਨ। ਉਹਨੂੰ 'ਜੱਟੀਉਂ ਹੀਰ' ਬਣਾ ਦਿੰਦੇ ਹਨ। ਰਾਂਝਾ ਐਵੇਂ ਨਹੀਂ ਸੀ ਹੱਥਾਂ ਵਿੱਚ ਵੰਝਲੀ ਲਈ ਫਿਰਦਾ* ਉਹਦੀ ਵੰਝਲੀ ਦੀ ਹੂਕ ਸੁਣ ਕੇ ਹੀਰ ਤਾਂ ਕੀ ਮੱਝਾਂ ਵੀ ਉਹਦੀ ਸੁਰ ਨਾਲ ਇੱਕਸੁਰ ਹੋ ਜਾਂਦੀਆਂ ਸਨ। ਸ਼ਾਂਤਮਈ ਅੰਦੋਲਨਾਂ ਦੇ ਹੱਕ ਵਿੱਚ ਵਿਦਰੋਹੀ ਗੀਤ ਲਿਖਣ ਵਾਲੀ ਤੇ ਉਹੋ ਗੀਤ ਆਪਣੀ ਗਿਟਾਰ 'ਤੇ ਗਾਉਣ ਵਾਲੀ ਵੀਹਵੀਂ ਸਦੀ ਦੀ ਮਹਾਨ ਗਾਇਕਾ ਜੌਨ ਬਾਇਸ ਨੇ ਸੰਗੀਤ ਦੀ ਤਾਕਤ ਬਾਰੇ ਕਿਹਾ ਸੀ, "ਜੰਗਬਾਜ਼ਾਂ ਦੇ ਖ਼ਿਲਾਫ਼ ਲੜਨ ਵਾਸਤੇ ਮੇਰੇ ਕੋਲ ਕੇਵਲ ਇੱਕੋ ਹਥਿਆਰ ਹੈ ਤੇ ਉਹ ਹੈ ਛੇ ਤਾਰਾਂ ਵਾਲਾ ਸਾਜ਼, ਮੇਰੀ ਗਿਟਾਰ*" ਜਿਵੇਂ ਸੂਰਮੇਂ ਪਿੱਠ ਨਾਲ ਪਿੱਠ ਜੋੜ ਕੇ ਮੈਦਾਨ-ਏ-ਜੰਗ ਵਿੱਚ ਲੜਦੇ ਹਨ, ਗੁਰੂ ਸਾਹਿਬ ਅਤੇ ਮਰਦਾਨਾ ਗੋਡੇ ਨਾਲ ਗੋਡਾ ਜੋੜ ਕੇ ਸ਼ਬਦ-ਗਾਇਨ ਕਰਦੇ ਹੋਏ ਇਹ ਯੁੱਧ ਲੜਦੇ ਸਨ। ਗਿਆਨ ਦੀ ਖੜਗ ਸੰਗੀਤ ਦੀ ਧਾਰ ਨਾਲ ਹੋਰ

ਤਿੱਖੀ ਹੋ ਕੇ ਚੱਲਦੀ। ਹਨੇਰਿਆਂ ਨੂੰ ਚੀਰਦੀ ਜਾਂਦੀ। ਮਨ-ਮਸਤਕ ਰੌਸ਼ਨ ਹੁੰਦੇ ਜਾਂਦੇ। ਵਲੀਆਂ ਦੇ ਵਲ਼ ਨਿਕਲਦੇ ਜਾਂਦੇ। ਕੌਡੇ ਵਰਗੇ ਰਾਖ਼ਸ਼ਾਂ ਵਿੱਚ ਬੰਦਿਆਈ ਪ੍ਰਵੇਸ਼ ਕਰਦੀ ਜਾਂਦੀ। ਸੱਜਣ ਵਰਗੇ ਠੱਗਾਂ ਦੇ ਮਨ ਦੀ ਮੈਲ ਧੋਤੀ ਜਾਂਦੀ। ਗੁਰੂ ਨਾਨਕ ਦੇ ਸਫ਼ਰ ਵਿੱਚ ਮਰਦਾਨਾ ਉਹਨਾਂ ਦਾ ਪੱਕਾ ਸਾਥੀ ਰਿਹਾ। ਸੁਰਜੀਤ ਪਾਤਰ ਨੇ ਕਿਤੇ ਲਿਖਿਆ ਸੀ, "ਕਾਲੀਆਂ ਰਾਤਾਂ ਨਾਲ ਲੜਨ ਲਈ, ਮੈਂ ਵੀ ਆ ਪਹੁੰਚਾ ਹਾਂ ਆਪਣਾ ਸਾਜ਼ ਲਈ।" ਭਾਈ ਮਰਦਾਨੇ ਨੇ ਵੀ ਗੁਰੂ ਸਾਹਿਬ ਨੂੰ ਸ਼ਾਇਦ ਇੰਝ ਹੀ ਕਿਹਾ ਹੋਵੇਗਾ।

ਅਸੀਂ ਤਾਂ ਐਵੇਂ ਗੁਰੂ ਦੇ ਸਿੱਖ ਅਖਵਾਉਣ ਦਾ ਦਾਅਵਾ ਕਰਦੇ ਫਿਰਦੇ ਹਾਂ। ਭਾਈ ਮਰਦਾਨੇ ਤੋਂ ਵੱਡਾ ਸਿੱਖ ਕੌਣ ਹੋ ਸਕਦਾ ਹੈ, ਜਿਸ ਨੇ ਗੁਰੂ ਦੇ ਨਾਲ ਹੀ ਆਪਣਾ ਘਰ-ਘਾਟ ਤਿਆਗ ਕੇ ਜੀਵਨ ਦੇ ਅਤਿ ਬਿਖ਼ਮ ਰਾਹ 'ਤੇ ਤੁਰਨ ਦਾ ਜੇਰਾ ਕੀਤਾ। ਇਹ ਉਹ ਦੌਰ ਸੀ ਜਦੋਂ ਹਕੂਮਤ ਦੇ ਦਾਬੇ ਤੋਂ ਡਰਦੇ ਖੱਤਰੀ ਵੀ ਧਰਮ ਛੱਡਦੇ ਜਾ ਰਹੇ ਸਨ (ਖੱਤਰੀਆਂ ਤਾਂ ਧਰਮ ਛੋੜਿਆ) ਪਰ ਇਹ ਭਾਈ ਮਰਦਾਨਾ ਹੀ ਸੀ ਜਿਸ ਨੇ ਮੁਸਲਮਾਨ ਹੁੰਦੇ ਹੋਏ ਵੀ ਹਿੰਦੂ ਖੱਤਰੀ ਗੁਰੂ ਦਾ ਸੇਵਕ ਬਣ ਕੇ ਉਹਨੂੰ ਆਪਣਾ ਆਪ ਸਮਰਪਤਿ ਕਰ ਦਿੱਤਾ।ਨਹੀਂ, ਮੈਨੂੰ ਸ਼ਾਇਦ ਇੰਝ ਨਹੀਂ ਕਹਿਣਾ ਚਾਹੀਦਾ। ਅਸਲ ਵਿੱਚ ਉਹ ਹਿੰਦੂਮੁਸਲਮਾਨ ਰਹਿ ਹੀ ਕਿੱਥੇ ਗਏ ਸਨ* ਉਹ ਜਾਤਾਂ-ਪਾਤਾਂ ਦੀਆਂ ਹੱਦਾਂ ਤੋੜ ਕੇ, ਸਭ ਟੋਏ-ਟਿੱਬੇ ਪੱਧਰੇ ਕਰ ਕੇ ਬਰਾਬਰ ਹੋ ਗਏ ਸਨ। ਇੱਕ ਦੇਹ-ਇੱਕ ਜਾਨ ਹੋ ਗਏ ਸਨ। ਗੁਰੂ ਨਾਨਕ ਦੇ ਸੰਗ-ਸਾਥ ਵਿੱਚ ਰਹਿ ਕੇ ਕੋਈ ਨੀਚ ਕਿਵੇਂ ਰਹਿ ਸਕਦਾ ਏ? ਗੁਰੂ ਨਾਨਕ ਪਾਤਸ਼ਾਹ ਨੇ ਉਹਨੂੰ ਹਿੱਕ ਨਾਲ ਲਾ ਕੇ 'ਸੋਨਾ' ਕਰ ਲਿਆ ਸੀ।

ਵੇਖਣ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਓਨਾ ਚਿਰ ਉਦਾਸੀ 'ਤੇ ਨਹੀਂ ਤੁਰਦੇ, ਜਿੰਨਾਂ ਚਿਰ ਮਰਦਾਨਾ ਉਹਨਾਂ ਨਾਲ ਜਾਣ ਲਈ ਰਾਜ਼ੀ ਨਹੀਂ ਹੁੰਦਾ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਭਾਈ ਮਰਦਾਨਿਆ* ਆਪਣਾ ਪਰਿਵਾਰ ਬਹੁਤ ਵੱਡਾ ਹੈ, ਆਪਾਂ ਦੂਰ-ਦੂਰ ਤੱਕ ਆਪਣੇ ਜੀਆਂ ਨੂੰ ਮਿਲਣ ਜਾਣਾ ਹੈ। ਤੁਸੀਂ ਨਾਲ ਚੱਲੋ। ਇਕੱਠੇ ਚਲਾਂਗੇ ਤਾਂ ਖ਼ਰੀ ਖ਼ੁਸ਼ੀ ਮਿਲੇਗੀ।"

ਮਰਦਾਨੇ ਨੇ ਸਵਾਲ ਕੀਤਾ, "ਬਾਬਾ! ਚਲੇ ਤਾਂ ਚੱਲਦੇ ਹਾਂ, ਪਰ, ਸਫ਼ਰ ਵਿੱਚ ਖਾਵਾਂਗੇ ਕੀ ਤੇ ਕਿਥੋਂ ਖਾਵਾਂਗੈ" ਬਾਬਾ ਜੀ ਨੇ ਕਿਹਾ, "ਜੋ ਦੌਲਤ ਤੁਸਾਂ ਪਾਸ ਹੈ, ਹੋਰ ਕਿਸੇ ਪਾਸ ਨਾਹੀਂ। ਤੁਹਾਡੇ ਸਦਕਾ ਕਈਆਂ ਹੋਰਨਾਂ ਨੂੰ ਰਿਜ਼ਕ ਮਿਲੇਗਾ।"

ਅੱਜ ਹਜ਼ਾਰਾਂ ਰਾਗੀ-ਢਾਡੀ ਕੀਰਤਨ ਕਰ ਕੇ ਆਪਣਾ ਗੁਜ਼ਰਾਨ ਕਰ ਰਹੇ ਹਨ। ਉਹਨਾਂ ਦਾ ਰਿਜ਼ਕ-ਦਾਤਾ ਵਡੇਰਾ ਗੁਰੂ ਨਾਨਕ ਹੀ ਨਹੀਂ, ਭਾਈ ਮਰਦਾਨਾ ਵੀ ਹੈ।ਮਰਦਾਨਾ ਗੁਰੂ ਦਾ ਆਪਣਾ ਸੀ। ਮਰਦਾਨਾ ਹੀ ਗੁਰੂ ਦੀ ਨਹੀਂ ਸੀ ਸੁਣਦਾ-ਮੰਨਦਾ। ਗੁਰੂ ਸਾਹਿਬ ਵੀ ਉਹਦੀ ਸੁਣਦੇ-ਮੰਨਦੇ ਸਨ। ਜਦੋਂ ਉਦਾਸੀ 'ਤੇ ਤੁਰਨ ਲੱਗੇ ਤਾਂ ਵਿੱਛੜਣ ਵੇਲੇ ਵੱਜਣ ਵਾਲੇ ਮੋਹ ਦੇ ਉਛਾਲਿਆਂ ਦਾ ਸੋਚ ਕੇ ਗੁਰੂ ਸਾਹਿਬ ਆਪਣੇ ਪਰਿਵਾਰ ਨੂੰ ਮਿਲਣ ਤਲਵੰਡੀ ਨਹੀਂ ਗਏ। ਪਰ ਜਦ ਬੇਬੇ ਨਾਨਕੀ ਨੂੰ ਮਿਲੇ ਬਗ਼ੈਰ ਜਾਣ ਲੱਗੇ ਤਾਂ ਭਾਈ ਮਰਦਾਨੇ ਨੇ ਸੌ ਦੀ ਇੱਕ ਸੁਣਾ ਦਿੱਤੀ, "ਬੇਬੇ ਨੂੰ ਮਿਲੇ ਬਗ਼ੈਰ ਨਹੀਂ ਜਾਣਾ*" ਗੁਰੂ ਬਾਬੇ ਨੇ ਨੀਵੀਂ ਪਾ ਕੇ ਕਿਹਾ, "ਤੇਰਾ ਆਖਾ ਮੋੜਨਾ ਨਹੀਂ ਭਾਈ*"

ਜਿਸ ਮਰਦਾਨੇ ਦਾ ਆਖਿਆ ਬਾਬਾ ਮੋੜ ਨਹੀਂ ਸਕਦਾ, ਉਹ ਮਰਦਾਨਾ 'ਕੇਵਲ ਮਾਂਗਤ' ਹੀ ਕਿਵੇਂ ਹੋ ਸਕਦਾ ਏ ਮਰਦਾਨੇ ਕੋਲ ਜਿਹੜੀ ਸੰਗੀਤ ਦੀ ਦੌਲਤ ਸੀ, ਗੁਰੂ ਜੀ ਉਸ ਕੀਮਤ ਨੂੰ ਜਾਣਦੇ ਸਨ। ਜਿਸ ਗੁਰੂ ਨੂੰ ਮਰਦਾਨੇ ਕੋਲ ਦੌਲਤਾਂ ਨਜ਼ਰ ਆਉਂਦੀਆਂ ਸਨ, ਉਹ ਮਰਦਾਨਾ ਮੰਗ-ਖਾਣਾ ਕਿਵੇਂ ਹੋ ਸਕਦਾ ਹੈ* ਉਹਦੇ ਕੋਲ ਰਾਗ ਦਾ ਹੁਨਰ ਸੀ। ਉਹ ਤੇ ਉਹਦੇ ਵਡੇਰੇ ਹੁਣ ਤੱਕ ਰਾਗ ਗਾ ਕੇ ਹੀ ਗੁਜ਼ਰਾਨ ਕਰਦੇ ਆਏ ਸਨ। ਮਰਦਾਨਾ ਗੁਰੂ ਪਾਤਸ਼ਾਹ ਨਾਲ ਨਾ ਵੀ ਤੁਰਦਾ ਤਾਂ ਆਪਣੇ ਹੁਨਰ ਨਾਲ ਗੁਜ਼ਰਾਨ ਕਰ ਸਕਦਾ ਸੀ। ਪਰ ਉਹ ਗੁਰੂ ਸਾਹਿਬ ਦੀ ਅਜ਼ਮਤ ਜਾਣਦਾ ਸੀ। ਉਹਨੂੰ ਸਮਝ ਸੀ ਕਿ ਗੁਰੂ ਪਾਤਸ਼ਾਹ ਉਹਨੂੰ ਆਪਣਾ ਸੰਗੀ-ਸਾਥੀ ਬਣਾ ਕੇ ਕੇਡਾ ਵੱਡਾ ਮਾਣ ਬਖ਼ਸ਼ ਰਹੇ ਹਨ। ਉਹਨੇ ਇੱਕ ਵਾਰ ਵੀ ਨਾਂਹ ਨਹੀਂ ਕੀਤੀ। ਗੁਰੂ ਸਾਹਿਬ ਦੇ ਕਹਿਣ 'ਤੇ ਨਵੀਂ ਰਬਾਬ ਖ਼ਰੀਦ ਕੇ ਉਹਨਾਂ ਨਾਲ ਲੰਮੀਆਂ ਉਦਾਸੀਆਂ 'ਤੇ ਤੁਰ ਪਿਆ। ਆਪਣਾ ਆਪ ਗੁਰੂ ਪਾਤਸ਼ਾਹ ਨੂੰ ਸਮਰਪਤਿ ਕਰ ਦਿੱਤਾ। ਜੰਗਲਾਂ-ਬੀਆਬਾਨਾਂ ਵਿੱਚ ਗੁਰੂ ਦੇ ਸੰਗ-ਸਾਥ ਵਿੱਚ ਰਿਹਾ। ਸੂਲਾਂ ਅਤੇ ਰੋੜਾਂ 'ਤੇ ਸੌਣਾ ਪ੍ਰਵਾਨ ਕਰ ਲਿਆ, ਪਰ ਗੁਰੂ ਦਾ ਸਾਥ ਨਹੀਂ ਛੱਡਿਆ। ਪਰ ਗੁਰੂ ਸਾਹਿਬ ਨੇ ਵੀ ਮਰਦਾਨੇ ਦੀ ਕਦਰ ਕਰਨ ਵਿੱਚ ਕੋਈ ਕਸਰ ਨਹੀਂ ਸੀ

ਛੱਡੀ। ਜਦ ਵੀ ਮਰਦਾਨੇ ਦੀ ਨਮਾਜ਼ ਪੜ੍ਹਣ ਦਾ ਵਕਤ ਹੁੰਦਾ, ਗੁਰੂ ਸਾਹਿਬ ਓਸੇ ਵਕਤ ਆਪਣੇ ਪੈਰ ਰੋਕ ਲੈਂਦੇ। ਉਹਦੇ ਵਿਸ਼ਵਾਸ ਨੂੰ ਮਾਣ ਦਿੰਦੇ। ਸਾਰੀ ਉਮਰ ਮਰਦਾਨਾ ਗੁਰੂ ਜੀ ਦੇ ਸੰਗ-ਸਾਥ ਵਿੱਚ ਰਿਹਾ, ਪਰ ਗੁਰੂ ਸਾਹਿਬ ਨੇ ਇੱਕ ਵਾਰ ਵੀ ਉਹਨੂੰ ਆਪਣਾ ਅਕੀਦਾ ਤਿਆਗਣ ਲਈ ਨਹੀਂ ਕਿਹਾ। ਉਹ ਜਾਣਦੇ ਸਨ ਕਿ ਮਰਦਾਨਾ 'ਜਿਹੜੀ ਨਮਾਜ਼' ਅਦਾ ਕਰ ਰਿਹਾ ਹੈ, ਉਹ ਵਿਖਾਵੇ ਦੀ ਨਮਾਜ਼ ਨਹੀਂ। ਕੋਈ ਪਾਖੰਡ ਨਹੀਂ। ਉਹ ਉਹੋ ਨਮਾਜ਼ ਹੈ ਜਿਸ ਬਾਰੇ ਉਹ ਫ਼ੁਰਮਾਉਂਦੇ ਹਨ:

॥ ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਾਲ ਕੁਰਾਣ॥ ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਨ॥ ਮਰਦਾਨਾ ਅਜਿਹਾ ਮੁਸਲਮਾਨ ਹੋ ਗਿਆ ਸੀ।

ਜਿਹੜੇ ਸਾਖੀਕਾਰ ਮਰਦਾਨੇ ਨੂੰ ਭੁੱਖ ਤੋਂ ਆਤੁਰ ਹੋ ਕੇ ਵਾਰ-ਵਾਰ ਘਰ ਪਰਤਣ ਦੇ ਤਰਲੇ ਲੈਂਦਾ ਵਿਖਾਉਂਦੇ ਹਨ, ਉਹ ਮਰਦਾਨੇ ਦੇ ਸਮਰਪਣ ਨੂੰ ਕੀ ਜਾਨਣ* ਓਹ ਮਰਦਾਨੇ ਦੀ ਦੂਰ-ਦ੍ਰਿਸ਼ਟੀ ਨੂੰ ਕੀ ਸਮਝਣ* ਉਹਦਾ ਨਾਨਕ ਉਹਨੂੰ ਭੁੱਖਾ ਕਿਵੇਂ ਰੱਖ ਸਕਦਾ ਸੀ ਨਾਨਕ ਦੇ ਸਾਥ ਵਿੱਚ ਉਹ ਭੁੱਖਾ ਕਿਵੇਂ ਰਹਿ ਸਕਦਾ ਸੀ ਉਹ ਭਗੌੜਾ ਕਿਵੇਂ ਹੋ ਸਕਦਾ ਸੀ ਉਹਦੇ ਲਈ ਤਾਂ ਉਹਦਾ ਯਾਰ, ਉਹਦਾ ਭਰਾ, ਉਹਦਾ ਰੱਬ ਉਹਦਾ ਨਾਨਕ ਹੀ ਤਾਂ ਸੀ। ਜਿਸ ਨੇ ਨਾਨਕ ਨੂੰ ਪਾ ਲਿਆ, ਉਹਨੂੰ ਹੋਰ ਲੋੜ ਕਿਸ ਚੀਜ਼ ਦੀ ਰਹਿ ਜਾਂਦੀ ਹੈ*

ਜਦ ਸ਼ਬਦ ਤੇ ਸਾਜ਼ ਇੱਕ ਹੋ ਕੇ ਵੱਜਦ ਵਿੱਚ ਗੂੰਜਦੇ ਤਾਂ ਇਹਨਾਂ ਅਮਰ-ਪਲਾਂ ਵਿੱਚ ਮਰਦਾਨੇ ਨੇ ਇੱਕ ਦਿਨ ਪੂਰੇ ਮਾਣ ਵਿੱਚ ਭਿੱਜ ਕੇ ਕਿਹਾ ਸੀ, "ਭਾਈ ਨਾਨਕਾ! ਤੂੰ ਤਾਂ ਰੱਬ ਦੇਖਿਆ ਹੀ ਹੈ, ਮੈਂ ਤਾਂ ਪਾਇਆ ਹੈ!" ਜਿਹੜੇ ਮਰਦਾਨੇ ਨੇ ਨਾਨਕ ਵਿੱਚ ਰੱਬ ਪਾ ਪਿਆ, ਉਹਦੇ ਕੋਲ ਹੋਰ ਪਾਉਣ ਲਈ ਬਚਿਆ ਹੀ ਕੀ ਸੀ ਉਹਦੀ ਰੂਹ ਤਾਂ ਰੱਜੀ ਹੋਈ ਸੀ। ਉਹਦਾ ਰੱਬ ਤਾਂ ਚੱਤੋ-ਪਹਿਰ ਉਹਦੇ ਅੰਗ-ਸੰਗ ਰਹਿੰਦਾ ਸੀ।

ਸਾਖੀ ਆਉਂਦੀ ਹੈ ਕਿ ਜਦ ਭਾਈ ਮਰਦਾਨੇ ਦੇ ਸਰੀਰ ਤਿਆਗਣ ਦਾ ਵੇਲਾ ਆਣ ਪਹੁੰਚਾ ਤਾਂ ਗੁਰੂ ਜੀ ਨੇ ਮਰਦਾਨੇ ਦੇ ਸੀਸ ਨੂੰ ਗੋਦ ਵਿੱਚ ਲਿਆ ਹੋਇਆ ਹੈ ਤੇ ਪੁੱਛਦੇ ਹਨ, "ਮਰਦਾਨਿਆਂ* ਜੇ ਚਾਹੇਂ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਦਰਿਆ ਵਿੱਚ ਸੁੱਟ ਦੇਈਏ ਮਰਦਾਨਿਆਂ* ਜੇ ਤੇਰੀ ਖ਼ਾਹਿਸ਼ ਹੋਵੇ ਤਾਂ ਖੱਤਰੀ ਵਾਂਗ ਸਾੜ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਗੂੰ ਹਵਾ ਵਿਚ ਉਛਾਲ ਦੇਈਏ, ਜੇ ਤੇਰਾ ਚਿੱਤ ਹੋਵੇ ਤਾਂ ਸ਼ੂਦਰ ਵਾਂਗ ਦਬਾ ਦੇਈਏ" ਭਾਈ ਮਰਦਾਨੇ ਕੇ ਕਿਹਾ, "ਵਾਹ* ਬਾਬਾ ਵਾਹ* ਅਜੇ ਵੀ ਸਰੀਰਾਂ ਦੇ ਚੱਕਰ ਵਿੱਚੇ ਤੁਹਾਡੇ ਉਪਦੇਸ਼ ਕਰ ਤਾਂ ਦੇਹੀ ਦਾ ਖ਼ਿਆਲ ਹੀ ਮੁੱਕ ਗਿਆ ਹੈ। ਮੈਂ ਤਾਂ ਕੇਵਲ ਆਪਣੀ ਆਤਮਾ ਨੂੰ ਆਪਣੇ ਸਰੀਰ ਦਾ ਸਾਥੀ ਸਮਝਦਾ ਹਾਂ।" ਫਿਰ ਗੁਰੂ ਸਾਹਿਬ ਨੇ ਕਿਹਾ, "ਮਰਦਾਨਿਆਂ* ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ-ਪ੍ਰਸਿੱਧ ਕਰ ਦੇਈਏ।"

ਮਰਦਾਨੇ ਨੇ ਬੜੀ ਗੰਭੀਰ ਮੁਦਰਾ ਵਿਚ ਕਿਹਾ, "ਬਾਬਾ* ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ, ਇਸਨੂੰ ਫਿਰ ਪੱਥਰ ਦੀ ਸਮਾਧ ਵੱਚ ਕਿਉਂ ਪਾਂਵਦੇ ਹੋ।" ਗੁਰੂ ਸਾਹਿਬ ਨੇ ਮਰਦਾਨੇ ਨੂੰ ਗਲ ਨਾਲ ਲਾ ਕੇ ਘੁੱਟ ਲਿਆ ਤੇ ਬਚਨ ਕੀਤਾ, "ਤੂੰ ਬ੍ਰਹਮ ਨੂੰ ਪਛਾਣ ਲਿਆ ਹੈ ਮਰਦਾਨਿਆਂ!" ਤਾਂ ਮਰਦਾਨੇ ਨੇ ਸੌ ਗੱਲਾਂ ਦੀ ਇੱਕੋ ਗੱਲ ਆਖੀ, "ਬਾਬਾ* ਤੂੰ ਖ਼ੁਦਾਇ ਦਾ ਡੂੰਮ, ਮੈਂ ਤੇਰਾ ਡੂੰਮ। ਤੂੰ ਖ਼ੁਦਾਇ ਨੂੰ ਪਾਇਆ, ਮੈਂ ਤੈਨੂੰ ਪਾਇਆ। ਤੇਰਾ ਕਿਹਾ ਖ਼ੁਦਾਈ ਮੰਨਦੀ ਹੈ ਅਰ ਮੇਰਾ ਕਿਹਾ ਤੂੰ ਮੰਨਦਾ ਹੈਂ। ਤੁਧ ਅੱਗੇ ਅਸਾਂ ਦੀ ਬੇਨਤੀ ਹੈ ਅੱਜ ਇੱਕ। ਅਸਾਂ ਨੂੰ ਬਿਛੋੜਨਾ ਨਾਹੀਂ ਆਪਣੇ ਨਾਲੋਂ। ਨਾ ਹੀ ਏਥੇ, ਨਾ ਹੀ ਓਥੇ।" ਗੁਰੂ ਸਾਹਿਬ ਨੇ ਮੁਹੱਬਤ ਵਿੱਚ ਭਿੱਜ ਕੇ ਕਿਹਾ, "ਮਰਦਾਨਿਆ* ਤੁਧ ਉਪਰ ਅਸਾਂ ਦੀ ਖ਼ਰੀ ਖ਼ੁਸ਼ੀ ਹੈ। ਜਿੱਥੇ ਤੇਰਾ ਵਾਸਾ, ਤਿਥੇ ਮੇਰਾ ਵਾਸਾ।"

ਅਸੀਂ ਆਖ ਚੁੱਕੇ ਹਾਂ ਕਿ ਜਿੰਨਾਂ ਚਿਰ ਮਰਦਾਨਾ ਨਾਲ ਨਹੀਂ ਤੁਰਿਆ, ਓਨਾ ਚਿਰ ਗੁਰੂ ਸਾਹਿਬ, ਉਦਾਸੀਆਂ 'ਤੇ ਨਹੀਂ ਤੁਰੇ। ਮਰਦਾਨਾ ਸਰੀਰ ਤੇ ਸਾਥ ਛੱਡ ਜਾਂਦਾ ਹੈ ਤਾਂ ਗੁਰੂ ਜੀ ਆਪਣੀ ਚਾਦਰ ਲਾਹ ਕੇ ਮਰਦਾਨੇ ਦੀ ਦੇਹ 'ਤੇ ਪਾਉਂਦੇ ਹਨ। ਮਰਦਾਨੇ ਦੀ ਰਬਾਬ ਗਲ਼ ਨਾਲ ਲਾਉਂਦੇ ਹਨ ਤੇ ਉਦਾਸੀਆਂ ਵਿਚੇ ਛੱਡ ਕੇ ਤਲਵੰਡੀ ਪਰਤ ਆਉਂਦੇ ਹਨ। ਸਿੱਧਾ ਮਰਦਾਨੇ ਦੇ ਘਰ ਜਾਂਦੇ ਹਨ। ਮਰਦਾਨੇ ਦਾ ਪੁੱਤਰ ਸ਼ਹਿਜ਼ਾਦ ਬਾਬੇ ਨੂੰ ਨਤਮਸਤਕ ਹੁੰਦਾ ਹੈ, ਪਰ, ਇੱਕਲ੍ਹਾ ਆਇਆ ਵੇਖ ਕੇ ਪੁੱਛਦਾ ਹੈ, "ਬਾਬਾ! ਅੱਬੂ ਕਿੱਥੇ ਹਾਈ"

ਗੁਰੂ ਪਾਤਸ਼ਾਹ ਨੇ ਸ਼ਹਿਜ਼ਾਦ ਨੂੰ ਗਲ਼ ਨਾਲ ਲਾਇਆ। ਅਸੀਸਾਂ ਦੇਣ ਲੱਗੇ। ਸ਼ਹਿਜ਼ਾਦ ਸਮਝ ਗਿਆ ਕਿ ਉਹਦਾ ਬਾਪ ਇਸ ਦੁਨੀਆਂ ਵਿੱਚ ਨਹੀਂ ਰਿਹਾ। ਗੁਰੂ ਸਾਹਿਬ ਨੂੰ ਕਹਿੰਦਾ, "ਸਾਨੂੰ ਓਹੋ ਦਿਉ, ਜੋ ਅੱਬੂ ਨੂੰ ਦਿੱਤਾ ਸਾਈ।"

ਗੁਰੂ ਸਾਹਿਬ ਨੇ ਭਾਈ ਮਰਦਾਨੇ ਦੀ ਰਬਾਬ ਉਹਨੂੰ ਸੌਂਪ ਦਿੱਤੀ। ਸਦੀਆਂ ਤੋਂ ਮਰਦਾਨੇ ਦੀ ਅੰਸ-ਬੰਸ ਨੇ ਬਾਬੇ ਦੀ ਦਿੱਤੀ ਬਖ਼ਸ਼ਿਸ਼ ਨੂੰ ਗਲ਼ ਨਾਲ ਲਾਈ ਰੱਖਿਆ। ਪੀੜ੍ਹੀ-ਦਰ-ਪੀੜ੍ਹੀ ਗੁਰੂ ਘਰਾਂ ਤੇ ਗੁਰੂ ਦਰਾਂ 'ਤੇ ਸਦਾ ਗੁਰੂ ਦੀ ਬਾਣੀ ਗਾਉਂਦੇ ਰਹੇ। ਨਨਕਾਣੇ ਵੀ ਤੇ ਅੰਬਰਸਰ ਦੇ ਗੁਰੂ ਘਰਾਂ ਵਿੱਚ ਵੀ ਉਹ ਗੁਰਬਾਣੀ ਦਾ ਗਾਇਨ ਕਰਦੇ ਰਹੇ। ਮਰਦਾਨੇ ਕੇ, ਗੁਰੂ ਦੇ ਆਪਣੇ ਸਨ, ਗੁਰੂ ਘਰਾਂ ਦੇ ਆਪਣੇ ਸਨ, ਗੁਰੂ ਦੇ ਸਿੱਖਾਂ ਦੇ ਆਪਣੇ ਸਨ। ਮਰਦਾਨੇ ਕੇ ਗੁਰੂ ਦੇ ਸਿੱਖ ਹੀ ਸਨ।

ਗੁਰੂ ਸਾਹਿਬ ਨੇ ਤਾਂ ਕਿਹਾ ਸੀ, "ਮਰਦਾਨਿਆਂ ਜਿੱਥੇ ਤੇਰਾ ਵਾਸਾ, ਤਿਥੇ ਮੇਰਾ ਵਾਸਾ।" ਪਰ ਅਸੀਂ ਉਹਨਾਂ ਦੇ ਵਾਸੇ ਅੱਡ-ਅੱਡ ਕਰ ਛੱਡੇ। ਸ਼ਾਇਦ ਏਸੇ ਸੱਚ ਨੂੰ ਬਿਆਨ ਕਰਦਿਆਂ ਡਾ ਹਰਿਭਜਨ ਸਿੰਘ ਆਪਣੀ ਨਜ਼ਮ ਵਿੱਚ ਪੁਕਾਰ ਉੱਠਿਆ ਸੀ।

ਮੇਰਾ ਨਾਨਕ ਇੱਕਲਾ ਰਹਿ ਗਿਆ ਹੈ

ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ।
ਮਰਦਾਨਾ ਗੁਰੂ ਦਾ ਯਾਰ ਸੀ
ਉਹਦੇ ਸਦਕਾ ਗੁਰੂ ਦੇ ਆਸੇ-ਪਾਸੇ ਦੋਸਤੀ ਦੀ ਮਹਿਕ ਸੀ
ਜਦੋਂ ਰੱਬਾਬ ਚੋਂ ਸਰਗਮ ਉਦੈ ਹੁੰਦੀ
ਗੁਰੂ ਦੇ ਬੋਲ ਸਵੇਰੀ ਪੌਣ ਵਾਂਗੂੰ ਜਾਗਦੇ ਸਨ।
ਅਜ ਵੀ ਸੰਗਤ 'ਚ ਗੁਰੂ ਦੇ ਬੋਲ ਨੇ
ਪਰ ਸੁਰ ਨਹੀਂ ਹੈ।
ਗੁਰੂ ਦਾ ਸ਼ਬਦ ਹੈ
ਪਰ ਅਰਥ ਗੁੰਮ ਹੋ ਗਿਆ ਹੈ
ਕੀਰਤਨ ਦੀ ਭੀੜ ਹੈ
ਸੰਗੀਤ ਦਾ ਚਿਹਰਾ ਨਹੀਂ ਦਿਸਦਾ।
ਕਿਸੇ ਖੂੰਜੇ 'ਚ ਗੁੰਮ-ਸੁਮ ਚੁੱਪ ਪਈ ਰੱਬਾਬ
ਕਈ ਸਾਲਾਂ ਤੋਂ ਇਸ ਦੀ ਤਾਰ ਚੋਂ ਝਨਕਾਰ ਨਹੀਂ ਜਾਗੀ
ਕਿਸੇ ਆਸ਼ਕ ਦੀ ਮਹਿਰਮ ਛੋਹ ਬਿਨਾਂ
ਸਾਜ਼ 'ਚੋਂ ਸੁਰਤਾਲ ਦਾ ਜਾਦੂ ਨਹੀਂ ਉਗਦਾ
ਕੋਈ ਜਾਵੋ ਲਿਆਵੋ ਸਾਜ਼ ਦੇ ਮਹਿਰਮ ਨੂੰ ਪਾਰੋਂ ਮੋੜ ਕੇ
ਕਿਸੇ ਵੀ ਸਾਜ਼ ਬਿਨ ਆਵਾਜ਼ ਦਾ ਕੁੱਝ ਭੇਤ ਨਹੀਂ ਪਾਇਆ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ

ਅਸੀਂ ਇਹ ਕੀ ਕੀਤਾ ਅਸੀਂ ਅੱਜ ਮਰਦਾਨੇਕਿਆਂ ਲਈ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਉਹਨਾਂ ਲਈ ਦਰਬਾਰ ਸਾਹਿਬ ਵਿੱਚ ਕੀਰਤਨ ਕਰਨਾ ਵਰਜਿਤ ਹੋ ਗਿਆ। ਸਾਡੀ ਆਪੇ ਬਣਾਈ ਮਰਿਆਦਾ ਨੇ ਬਾਬੇ ਤੇ ਮਰਦਾਨੇ ਨੂੰ ਵਿਛੋੜ ਦਿੱਤਾ ਹੈ। ਗੁਰੂ ਸਹਿਬ ਨੇ ਤਾਂ ਮਰਦਾਨੇ ਨੂੰ ਭਰੋਸਾ ਦਿੱਤਾ ਸੀ, "ਮਰਦਾਨਿਆ ਜਿੱਥੇ ਤੇਰਾ ਵਾਸਾ, ਤਿਥੇ ਮੇਰਾ ਵਾਸਾ।"

ਪਰ ਅਸੀਂ ਉਹਨਾਂ ਦਾ ਵਸੇਬ ਵੀ ਨਿਖੇੜ ਦਿੱਤਾ ਤੇ ਉਹਨਾਂ ਦੀ ਸੋਚ ਵੀ ਤਿਆਗ ਦਿੱਤੀ।ਅਸੀਂ ਅਜੇ ਵੀ ਮਾਣ ਨਾਲ ਕਹਿੰਦੇ ਹਾਂ, "ਅਸੀਂ ਗੁਰੂ ਨਾਨਕ ਦੇ ਸਿੱਖ ਹਾਂ" ਅਸੀਂ ਇਹ ਕਿਹੋ ਜਿਹੇ ਸਿੱਖ ਹੋ ਗਏ ਹਾਂ।ਇੱਕ ਸਵਾਲ ਪਿਛਲੇਰੇ ਸਾਲ ਮੈਂ ਪਾਕਿਸਤਾਨ ਗਿਆ ਤਾਂ ਨਨਕਾਣਾ ਸਾਹਿਬ ਦੇ ਦਰਸ਼ਨ-ਦੀਦਾਰ ਤਾਂ ਕਰਨੇ ਹੀ ਸਨ। ਗੁਰਦੁਆਰਾ ਜਨਮ-ਅਸਥਾਨ ਤੋਂ ਇਲਾਵਾ ਗੁਰੂ ਸਾਹਿਬ ਨਾਲ ਜੁੜੇ ਹੋਰ ਵੀ ਪੰਜ ਛੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਮਨ ਵਿਚ ਖ਼ਿਆਲ ਆਇਆ, ਏਸੇ ਨਗਰ ਵਿਚ ਹੀ ਭਾਈ ਮਰਦਾਨਾ ਵੀ ਤਾਂ ਪੈਦਾ ਹੋਇਆ ਸੀ ਜੋ ਗੁਰੂ

ਸਾਹਿਬ ਦਾ ਸਭ ਤੋਂ ਪਿਆਰਾ ਯਾਰ, ਵੱਡਾ ਭਰਾ, ਸਭ ਤੋਂ ਪਹਿਲਾ ਸਿੱਖ ਸੀ। ਜਿਸਨੇ ਸਾਰੀ ਉਮਰ ਗੁਰੂ ਜੀ ਦੀ ਸੰਗਤ ਵਿਚ ਮਾਣੀ। ਗੁਰੂ ਸਾਹਿਬ ਓਨਾ ਚਿਰ ਉਦਾਸੀਆਂ 'ਤੇ ਨਹੀਂ ਤੁਰੇ, ਜਿੰਨਾ ਚਿਰ ਭਾਈ ਮਰਦਾਨਾ ਨਾਲ ਜਾਣ ਲਈ ਤਿਆਰ ਨਹੀਂ ਹੋਏ। ਤੇ ਜਦੋਂ ਭਾਈ ਮਰਦਾਨਾ ਸਰੀਰ ਤਿਆਗ ਗਏ ਤਾਂ ਗੁਰੂ ਜੀ ਆਪਣੀ ਯਾਤਰਾ ਵਿਚਕਾਰ ਹੀ ਛੱਡ ਕੇ ਭਾਈ ਮਰਦਾਨੇ ਦੀ ਰਬਾਬ ਗਲ ਨਾਲ ਲਾ ਕੇ ਤਲਵੰਡੀ ਪਰਤ ਆਏ। ਮੁੜ ਕਿਸੇ ਉਦਾਸੀ 'ਤੇ ਨਹੀਂ ਗਏ। ਕੀ ਗੁਰੂ ਜੀ ਦੇ ਉਸ ਜਿਗਰੀ ਯਾਰ-ਭਰਾ-ਸਿੱਖ ਦਾ ਵੀ ਕੋਈ ਨਾਂ-ਨਿਸ਼ਾਨ ਨਨਕਾਣਾ ਸਾਹਿਬ ਦੀ ਧਰਤੀ 'ਤੇ ਯਾਦ ਵਜੋਂ ਸਥਾਪਤ ਹੈ। ਜਵਾਬ ਮਿਲਿਆ, ਕੋਈ ਨਹੀਂ। ਮਨ ਨੂੰ ਬੜਾ ਦੁੱਖ ਹੋਇਆ। ਇਹ ਤਾਂ ਜਾਣਦੇ ਹੀ ਹਾਂ ਕਿ ਉਹਨਾਂ ਦੀ ਅੰਸ-ਬੰਸ ਦੇ ਲੋਕ ਲਾਹੌਰ ਦੇ ਗਾਜ਼ੀਆਬਾਦ ਇਲਾਕੇ ਵਿਚ ਬੜੇ ਸਧਾਰਨ ਘਰਾਂ ਵਿਚ ਰਹਿੰਦੇ ਤੇ ਨਿਮਨ ਪੱਧਰ ਦੀਆਂ ਸਹੂਲਤਾਂ ਵਾਲਾ ਜੀਵਨ ਬਸਰ ਕਰ ਰਹੇ ਹਨ, ਪਰ ਭਾਈ ਮਰਦਾਨਾ ਜੀ ਦੀ ਨਨਕਾਣਾ ਸਾਹਿਬ ਵਿਚ ਕਿਸੇ ਯਾਦਗਾਰ ਜਾਂ ਨਿਸ਼ਾਨੀ ਦਾ ਨਾ ਹੋਣਾ, ਸਮੁੱਚੇ ਸਿੱਖ ਜਗਤ ਲਈ ਮਿਹਣਾ ਲੱਗਾ।

ਮੈਨੂੰ ਪਤਾ ਹੈ ਦਿੱਖ ਤੇ ਤੱਤ ਵਿਚ ਫ਼ਰਕ ਕਰਨ ਵਾਲੇ ਕਈ ਸਿਧਾਂਤਕਾਰ ਇਹ ਕਹਿਣਗੇ, 'ਨਾ ਗੁਰੂ ਸਾਹਿਬ ਤੇ ਨਾ ਭਾਈ ਮਰਦਾਨਾ ਅਜਿਹੀਆਂ ਯਾਦਗਾਰਾਂ ਬਨਾਉਣ ਦੇ ਹਾਮੀ ਸਨ। ਸਾਨੂੰ ਪ੍ਰਮਾਤਮਾ-ਗੁਰੂ ਨੂੰ ਇਮਾਰਤਾਂ ਵਿਚ ਨਹੀਂ 'ਸ਼ਬਦ' ਵਿਚ ਖੋਜਣਾ ਚਾਹੀਦਾ ਹੈ।' ਮੈਨੂੰ ਵੀ ਇਸ ਗੱਲ ਦਾ ਪਤਾ ਹੈ। ਸ਼ਬਦ ਦੇ ਮਹੱਤਵ ਦਾ ਮੈਨੂੰ ਵੀ ਇਲਮ ਹੈ। ਪਰ ਜੇ ਸਾਡੇ ਗੁਰੂ ਸਾਹਿਬਾਨ ਦੇ ਨਾਂ ਨਾਲ ਥਾਂ ਥਾਂ 'ਤੇ ਏਨੀਆਂ ਯਾਦਗਾਰਾਂ ਤੇ ਗੁਰਦੁਆਰੇ ਉਸਾਰੇ ਗਏ ਹਨ ਤਾਂ ਕੀ ਸਾਰੇ ਸਿਧਾਂਤ ਭਾਈ ਮਰਦਾਨਾ ਜੀ ਦੀ ਯਾਦਗਾਰ ਨਾ ਕਾਇਮ ਕਰਨ ਵਾਸਤੇ ਹੀ ਬਚੇ ਰਹਿ ਗਏ ਹਨ। ਜੇ ਨਨਕਾਣਾ ਸਾਹਿਬ ਵਿਚ ਇੱਕ ਅਦਦ ਯਾਦਗਾਰ ਭਾਈ ਮਰਦਾਨਾ ਜੀ ਦੀ ਵੀ ਬਣ ਜਾਵੇਗੀ ਤਾਂ ਵੀ ਸ਼ਬਦ-ਗੁਰੂ ਦਾ ਕੁਝ ਨਹੀਂ ਘਟਨ ਜਾਂ ਵਿਗੜਨ ਲੱਗਾ। ਕੀ ਸਾਰਾ ਸਿੱਖ ਜਗਤ ਮਿਲ-ਜੁਲ ਕੇ ਇਹ ਸੁਲੱਖਣਾ ਉੱਦਮ ਨਹੀਂ ਕਰ ਸਕਦਾ। ਇਹੋ ਸਵਾਲ ਮੈਂ ਸਿੱਖ ਜਗਤ ਅੱਗੇ ਰੱਖ ਰਿਹਾ ਹਾਂ। ਤੁਸੀਂ ਆਪਣੀ ਮੱਤ-ਬੁੱਧ ਅਨੁਸਾਰ ਸੁਝਾਉ ਦਿਉ ਕਿ ਭਾਈ ਮਰਦਾਨਾ ਜੀ ਦੀ ਨਨਕਾਣਾ ਸਾਹਿਬ ਵਿਚ ਸਥਾਪਤ ਕੀਤੀ ਜਾਣ ਵਾਲੀ ਯਾਦਗਾਰ ਦੀ ਕਿਹੋ ਜਿਹੀ ਰੂਪਰੇਖ਼ਾ ਹੋਣੀ ਚਾਹੀਦੀ ਹੈ ਯਾਦਗਾਰ ਹੋਣੀ ਵੀ ਚਾਹੀਦੀ ਹੈ ਜਾਂ ਨਹੀਂ।

ਵਰਿਆਮ ਸਿੰਘ ਸੰਧੂ

ਨੋਟ-ਮੇਰੇ ਕੋਲ ਭਾਈ ਮਰਦਾਨਾ ਜੀ ਦੇ ਜੋਤੀ ਜੋਤ ਸਮਾਉਣ ਦੀ ਕੋਈ ਇਤਿਹਾਸਕ ਤੇ ਪ੍ਰਮਾਣਿਕ ਜਾਣਕਾਰੀ ਨਹੀਂ। ਮੈਂ ਕੇਵਲ ਇਸ ਆਧਾਰ 'ਤੇ ਕਹਿ ਰਿਹਾਂ ਕਿਉਂਕ ਅੱਜ ਮੰਜੀ ਸਾਹਿਬ ਦੇ ਦੀਵਾਨ-ਹਾਲ ਵਿਚ ਕਥਾ ਕਰ ਰਹੇ ਸਿੰਘ ਸਾਹਿਬ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ।

(ਫੇਸਬੁੱਕ ਰਾਹੀਂ ਧੰਨਵਾਦ ਸਹਿਤ)

ਗੁਰਮਤਿ ਸੰਗੀਤ ਵਿਚ ਰਾਗ ਦੇਵਗੰਧਾਰੀ ਤੇ ਦੇਵਗੰਧਾਰ

ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੇਵਗੰਧਾਰੀ ਰਾਗ ਰਾਗਾਤਮਕ ਕ੍ਰਮ ਵਿਚ ਛੇਵੇਂ ਸਥਾਨ ਤੇ ਪੰਨਾ ੫੨੭ 'ਤੇ ਅੰਕਿਤ ਹੈ। ਇਸ ਰਾਗ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਰੂਪ ਵਿਚ ਕੀਤੀ ਗਈ ਹੈ ਜਿਸ ਦੇ ਅੰਤਰਗਤ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਦੇਵਗੰਧਾਰੀ ਰਾਗ ਵਿਚ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੇ ਚਉਪਦੇ ਬਾਣੀ ਰੂਪ ਵਿਚ ਅੰਕਿਤ ਹਨ। ਇਸ ਰਾਗ ਵਿਚ ਭਗਤਾਂ ਦੁਆਰਾ ਰਚਿਤ ਬਾਣੀ ਉਪਲਬਧ ਨਹੀਂ ਜਿਸ ਤੋਂ ਇਸ ਰਾਗ ਦੇ ਗੁਰਮਤਿ ਸੰਗੀਤ ਨਾਲ ਅੰਤਰੀਵੀ ਮੌਲਿਕ ਸਬੰਧ ਪ੍ਰਗਟ ਹੁੰਦੇ ਹਨ।

ਵਿਦਵਾਨ ਦੇਵਗੰਧਾਰੀ ਰਾਗ ਨੂੰ ਸੰਗੀਤ ਜਗਤ ਦਾ ਪ੍ਰਾਚੀਨ ਤੇ ਅਪ੍ਰਚਲਿਤ ਰਾਗ ਮੰਨਦੇ ਹਨ ਪਰੰਤੂ ਦੇਵਗੰਧਾਰੀ ਰਾਗ ਦਾ ਪ੍ਰਚਲਨ ਗੁਰਮਤਿ ਸੰਗੀਤ ਪੱਧਤੀ ਤੋਂ ਇਲਾਵਾ ਭਾਰਤੀ ਸੰਗੀਤ ਵਿਚ ਘੱਟ ਹੀ ਮਿਲਦਾ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਸਵਰਮੇਲ ਕਲਾਨਿਧੀ ਅਤੇ ਸੰਗੀਤ ਪਾਰਿਜਾਤ ਵਿਚ ਇਸ ਰਾਗ ਦਾ ਉਲੇਖ ਪ੍ਰਾਪਤ ਹੁੰਦਾ ਹੈ। ਪੁਸਤਕ ਰਾਗ ਵਿਆਕਰਣ ਅਨੁਸਾਰ ਭਾਰਤੀ ਸੰਗੀਤ ਵਿਚ ਦੇਵਗੰਧਾਰੀ ਰਾਗ ਦੇ ਤਿੰਨ ਸਰੂਪ ਪ੍ਰਚਾਰ ਵਿਚ ਹਨ : 1. ਆਸਾਵਰੀ ਅੰਗ, 2. ਆਸਾਵਰੀ ਅਤੇ ਆਸਾ ਅੰਗ, 3. ਤੋੜੀ ਅੰਗ। ਭਾਰਤੀ ਸੰਗੀਤ ਵਿਚ ਇਸ ਰਾਗ ਦਾ ਨਾਂ ਦੇਵਗੰਧਾਰੀ ਤੋੜੀ ਵੀ ਮਿਲਦਾ ਹੈ। ਆਧੁਨਿਕ ਥਾਟ ਪੱਧਤੀ ਅਨੁਸਾਰ ਦੇਵਗੰਧਾਰੀ ਕਿਸੇ ਥਾਟ ਦੇ ਅੰਤਰਗਤ ਨਹੀਂ ਆਉਂਦਾ ਕਿਉਂਕਿ ਇਹ ਇਕ ਜਟਿਲ ਰਾਗ ਹੈ। ਥਾਟ-ਉਪ-ਥਾਟ ਪੱਧਤੀ ਅਨੁਸਾਰ ਅਸੀਂ ਇਸ ਰਾਗ ਦਾ ਵਰਗੀਕਰਨ ਆਸਾਵਰੀ ਅਤੇ ਬਿਲਾਵਲ ਥਾਟ ਵਿਚ ਕਰ ਸਕਦੇ ਹਾਂ। ਗੁਰਮਤਿ ਸੰਗੀਤ ਵਿਚ ਇਸ ਰਾਗ ਦੇ ਆਸਾਵਰੀ, ਭੈਰਵ ਤੇ ਬਿਲਾਵਲ ਥਾਟ ਵਿਚ ਪ੍ਰਕਾਰ ਉਪਲਬਧ ਹਨ। ਆਸਾਵਰੀ ਥਾਟ ਦੇ ਦੇਵਗੰਧਾਰੀ ਰਾਗ ਵਿਚ ਦੋਵੇਂ ਧੈਵਤ ਦੋਵੇਂ ਨਿਸ਼ਾਦ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦਾ ਵਾਦੀ ਸੁਰ ਮਧਿਅਮ ਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦੇ ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਹਨ। ਇਸ ਰਾਗ ਦਾ ਅਵਰੋਹ ਸੰਪੂਰਨ ਹੈ।

ਇਸ ਲਈ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਭੈਰਵ ਥਾਟ ਦੇ ਦੇਵਗੰਧਾਰੀ ਰਾਗ ਵਿਚ ਦੋਵੇਂ ਧੈਵਤ ਅਤੇ ਦੋਵੇਂ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਰਾਗ ਦੀ ਜਾਤੀ ਔੜਵ-ਸੰਪੂਰਨ ਅਤੇ ਸਮਾਂ ਦਿਨ ਦਾ ਪਹਿਲਾ ਪਹਿਰ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਦੇਵਗੰਧਾਰੀ ਨੂੰ ਬਿਲਾਵਲ ਥਾਟ ਦਾ ਸੰਪੂਰਨ ਰਾਗ ਸਵੀਕਾਰਿਆ ਹੈ ਅਤੇ ਇਸ ਦਾ ਵਾਦੀ ਸੁਰ ਸ਼ੜਜ ਅਤੇ ਸੰਵਾਦੀ ਪੰਚਮ ਸਵੀਕਾਰਿਆ ਗਿਆ ਹੈ। ਗੁਰਮਤਿ ਸੰਗੀਤ ਵਿਚ ਰਾਗ ਨਿਰਣਾਇਕ ਕਮੇਟੀ ਅਤੇ ਹੋਰ ਕਈ ਵਿਦਵਾਨਾਂ ਨੇ ਦੇਵਗੰਧਾਰੀ ਦੇ ਸਰੂਪ ਨੂੰ ਇਸ ਤਰ੍ਹਾਂ ਪ੍ਰਵਾਨ ਕੀਤਾ ਹੈ ਕਿ ਇਸ ਰਾਗ ਵਿਚ ਦੋਵੇਂ ਧੈਵਤ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਹਨ। ਅਵਰੋਹ ਸੰਪੂਰਨ ਹੈ ਅਤੇ ਇਸ ਵਿਚ ਗੰਧਾਰ ਦੁਰਬਲ ਲਗਾਇਆ ਜਾਂਦਾ ਹੈ। ਇਸ ਲਈ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਮਧਿਅਮ ਤੇ ਸੰਵਾਦੀ ਸੁਰ ਸ਼ੜਜ ਹੈ। ਇਹ ਰਾਗ ਦਿਨ ਦੇ ਦੂਜੇ ਪਹਿਰ ਗਾਇਆ ਤੇ ਵਜਾਇਆ ਜਾਂਦਾ ਹੈ। ਇਸ ਦੇ ਆਰੋਹ ਵਿਚ ਸਾ, ਰੇ, ਮ, ਪ, ਧ, ਸਾ, ਸੁਰ ਲੱਗਦੇ ਹਨ ਅਤੇ ਅਵਰੋਹ ਵਿਚ ਸਾ, ਨੀ, ਧ, ਪ, ਮ, ਪ, ਧ (ਕੋਮਲ), ਨੀ (ਕੋਮਲ), ਧ (ਕੋਮਲ) ਪ, ਮ, ਗ, ਰੇ, ਸਾ।

ਦਸਮ ਗ੍ਰੰਥ ਵਿੱਚ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ਼ਬਦ ਰਚਨਾਵਾਂ ਵਾਂਗੂੰ ਦੇਵਗੰਧਾਰੀ ਵਿਚ ਵੀ ਕੁਝ ਸ਼ਬਦ ਰਚਨਾਵਾਂ ਅੰਕਿਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰਗਤ ਦੇਵਗੰਧਾਰੀ ਰਾਗ ਦੀ ਬਾਣੀ ਅਧੀਨ ਹੀ ਇਕ ਦੇਵਗੰਧਾਰ ਰਾਗ ਦਾ ਪ੍ਰਯੋਗ ਵੀ ਮਿਲਦਾ ਹੈ। ਇਸ ਰਾਗ ਦੇ ਪ੍ਰਯੋਗ ਸਬੰਧੀ ਵਿਦਵਾਨਾਂ ਵਿਚ ਵਖਰੇਵਾਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਪੁਰਾਤਨ ਬੀੜਾਂ ਵਿਚ ਪੰਨਾ ੫੩੧ 'ਤੇ ਰਾਗ ਦੇਵਗੰਧਾਰੀ ਦੈ ਅੰਤਰਗਤ ਦੇਵਗੰਧਾਰ ਮਹਲਾ ੫ ਸਿਰਲੇਖ ਅਧੀਨ ਇਕ ਸ਼ਬਦ 'ਅਪੁਨੇ ਹਰਿ ਪਹਿ ਬਿਨਤੀ ਕਹੀਐ' ਮਿਲਦਾ ਹੈ। ਵਰਤਮਾਨ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਰਾਗ ਦੇਵਗੰਧਾਰ ਦੀ ਥਾਂ ਦੇਵਗੰਧਾਰੀ ਹੀ ਅੰਕਿਤ ਹੈ। ਕੁਝ ਵਿਦਵਾਨ ਇਸ ਰਾਗ ਨੂੰ ਦੇਵਗੰਧਾਰੀ ਹੀ ਮੰਨਦੇ ਹਨ ਪਰੰਤੂ ਅਸੀਂ ਗੁਰਮਤਿ ਸੰਗੀਤ ਸੰਮੇਲਨ ਲਈ ਗਠਤਿ ਰਾਗ ਨਿਰਣਾਇਕ ਕਮੇਟੀ ਨੇ ਲੰਬੀ ਵਿਚਾਰ ਉਪਰੰਤ ਸੰਤ ਬਾਬਾ ਸੁੱਚਾ ਸਿੰਘ, ਪ੍ਰਿੰਸੀਪਲ ਸਤਿਬੀਰ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ ਅਤੇ ਲੇਖਕ ਨੇ ਇਸ ਰਾਗ ਦੇ ਗਾਇਨ ਲਈ ਸਹਿਮਤੀ ਦਿੰਦਿਆਂ ਇਸ ਰਾਗ ਨੂੰ ਗੁਰਮਤਿ ਸੰਗੀਤ ਪੱਧਤੀ ਦੇ ਇਕ ਰਾਗ ਵਜੋਂ ਮਾਨਤਾ ਦਿੱਤੀ ਜਿਸ ਦਾ ਗਾਇਨ ਵਿਸ਼ੇਸ਼ ਰੂਪ ਵਿਚ ਕਰਵਾਇਆ ਗਿਆ।

ਭਾਰਤੀ ਸੰਗੀਤ ਵਿਚ ਇਹ ਰਾਗ ਨੂੰ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਅਧੀਨ ਰਖਿਆ ਗਿਆ ਹੈ। ਪ੍ਰਾਚੀਨ ਗ੍ਰੰਥਾਂ ਵਿਚ ਵੀ ਇਸ ਰਾਗ ਦਾ ਉਲੇਖ ਮਿਲਦਾ ਹੈ। ਦੇਵਗੰਧਾਰ ਰਾਗ ਦੇ ਨਾਦਾਤਮਕ ਸਰੂਪ ਚਾਰ ਪ੍ਰਕਾਰ ਦੇ ਮਿਲਦੇ ਹਨ, ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ। ਦੇਵਗੰਧਾਰ ਰਾਗ ਦੇ ਆਸਾਵਰੀ ਥਾਟ ਅਧੀਨ ਤਿੰਨ ਸਰੂਪ ਮਿਲਦੇ ਹਨ, ਜਿਨ੍ਹਾਂ ਵਿਚੋਂ ਪਹਿਲੇ ਪ੍ਰਕਾਰ ਵਿਚ ਵਿਦਵਾਨਾਂ ਨੇ ਇਸ ਦੀ ਜਾਤੀ ਸੰਪੂਰਨ ਮੰਨੀ ਹੈ, ਇਸ ਵਿਚ ਵਾਦੀ ਧੈਵਤ, ਸੰਵਾਦੀ ਗੰਧਾਰ ਸੁਰ ਮੰਨਿਆ ਹੈ। ਇਸ ਵਿਚ ਧੈਵਤ, ਨਿਸ਼ਾਦ ਕੋਮਲ ਅਤੇ ਦੋਵੇਂ ਗੰਧਾਰ ਵਰਤੇ ਜਾਂਦੇ ਹਨ। ਕੁਝ ਵਿਦਵਾਨ ਇਸੇ ਪ੍ਰਕਾਰ ਵਿਚ ਹੀ ਆਰੋਹ ਵਿਚ ਗੰਧਾਰ ਵਰਜਿਤ ਕਰਕੇ ਇਸ ਦੀ ਜਾਤੀ ਸ਼ਾੜਵ-ਸੰਪੂਰਨ ਮੰਨਦੇ ਹਨ। ਦੇਵਗੰਧਾਰ ਦੇ ਆਸਾਵਰੀ ਥਾਟ ਅਧੀਨ ਹੀ ਕੁਝ ਵਿਦਵਾਨ ਇਸ ਦੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨਦੇ ਹਨ। ਵਾਦੀ-ਸੰਵਾਦੀ ਗੰਧਾਰ-ਧੈਵਤ ਨੂੰ ਹੀ ਮੰਨਿਆ ਗਿਆ ਹੈ। ਇਸ ਵਿਚ ਗੰਧਾਰ, ਨਿਸ਼ਾਦ ਅਤੇ ਧੈਵਤ ਕੋਮਲ ਵਰਤੇ ਗਏ ਹਨ ਅਤੇ ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਮੰਨਿਆ ਗਿਆ ਹੈ। ਦੇਵਗੰਧਾਰ ਰਾਗ ਦਾ ਚੌਥਾ ਸਰੂਪ ਬਿਲਾਵਲ ਥਾਟ ਅਧੀਨ ਮਿਲਦਾ ਹੈ। ਇਸ ਰਾਗ ਦੀ ਜਾਤੀ ਔੜਵ-ਸੰਪੂਰਨ ਮੰਨੀ ਗਈ ਹੈ। ਇਸ ਰਾਗ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਮੰਨਿਆ ਜਾਂਦਾ ਹੈ। ਇਸ ਰਾਗ ਦਾ ਵਿਸਥਾਰ ਦਾ ਸਥਾਨ ਮੱਧ ਅਤੇ ਤਾਰ ਸਪਤਕ ਮੰਨਿਆ ਗਿਆ ਹੈ।

ਗੁਰਮਤਿ ਸੰਗੀਤ ਦੀ ਰਾਗ ਨਿਰਣਾਇਕ ਕਮੇਟੀ ਅਤੇ ਹੋਰ ਗੁਰਮਤਿ ਸੰਗੀਤ ਵਿਦਵਾਨਾਂ ਨੇ ਰਾਗ ਦੇਵਗੰਧਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਅਧੀਨ ਸੁਤੰਤਰ ਰਾਗ ਸਵੀਕਾਰਿਆ ਹੈ। ਇਸ ਰਾਗ ਨੂੰ ਆਸਾਵਰੀ ਥਾਟ ਅਧੀਨ ਇਸ ਦੇ ਆਰੋਹ ਵਿਚ ਗੰਧਾਰ ਵਰਜਿਤ ਕਰਕੇ ਸ਼ਾੜਵ-ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਅਤੇ ਵਾਦੀ-ਸੰਵਾਦੀ ਗੰਧਾਰ-ਧੈਵਤ ਨੂੰ ਹੀ ਪ੍ਰਵਾਨ ਕੀਤਾ ਹੈ। ਇਸ ਵਿਚ ਧੈਵਤ, ਨਿਸ਼ਾਦ ਕੋਮਲ ਅਤੇ ਦੋਵੇਂ ਨਿਸ਼ਾਦ ਵਰਤੇ ਗਏ ਹਨ। ਇਸ ਰਾਗ ਆਰੋਹ ਵਿਚ ਸ, ਰੇ ਮ ਪ ਧ (ਕੋਮਲ) ਮ, ਪ ਧ (ਕੋਮਲ) ਨੀ (ਕੋਮਲ) ਸਂ ਤੇ ਅਵਰੋਹ ਵਿਚ ਸਂ ਨੀ (ਕੋਮਲ) ਧ (ਕੋਮਲ) ਪ, ਮ ਮਗ (ਮ ਸੁਰ ਦੇ ਕਣਯੁਕਤ ਗ ਕੋਮਲ) ਰੇ ਸ, ਰੇ ਨੀ (ਕੋਮਲ) ਸ ਰੇ ਗ ਗ ਮ ਪ ਮਗ (ਮ ਸੁਰ ਦੇ ਕਣਯੁਕਤ ਗ ਕੋਮਲ) ਰੇ ਸ।

ਚਿੱਤਰਕਾਰ ਸ੍ਰੀ ਬੋਧਰਾਜ ਵੱਲੋਂ 1992 ਵਿਚ ਰਾਗ ਦੇਵਗੰਧਾਰੀ ਦਾ ਇਕ ਖ਼ੂਬਸੂਰਤ ਪੇਟਿੰਗ ਆਪਣੀ ਕਲਪਨਾ ਅਨੁਸਾਰ ਤਿਆਰ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਹਰਿਮੰਦਰ ਸਾਹਿਬ ਦੇ ਪਰਿਪੇਖ ਵਿਚ ਦੇਗਵੰਧਾਰੀ ਰਾਗ ਨੂੰ ਚਿਤਰਿਆ ਹੈ।

ਰਾਗ ਦੇਵਗੰਧਾਰੀ ਦਾ ਗਾਇਨ ਗੁਰਮਤਿ ਸੰਗੀਤ ਦੇ ਕੀਰਤਨਾਰਾਂ ਵਲੋਂ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ ਜਿਨ੍ਹਾਂ ਵਿਚੋਂ ਭਾਈ ਬਖਸ਼ੀਸ਼ ਸਿੰਘ, ਭਾਈ ਦਿਲਬਾਗ ਸਿੰਘ ਗੁਲਾਬ ਸਿੰਘ, ਭਾਈ ਬਲਬੀਰ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਪ੍ਰੋਫ਼ੈਸਰ ਸੁਰਿੰਦਰ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਗੁਰਮੀਤ ਸਿੰਘ, ਪ੍ਰੋਫ਼ੈਸਰ ਕੁਲਵੰਤ ਸਿੰਘ ਚੰਦਨ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਪ੍ਰਮੁੱਖ ਹਨ। ਇਨ੍ਹਾਂ ਕੀਰਤਨਕਾਰਾਂ ਦੀ ਆਵਾਜ਼ ਵਿਚ ਇਸ ਰਾਗ ਦਾ ਗਾਇਨ www.gurmatsangeetpup.com, www.vismaadnaad.org., www.youtube.com, www.jawadditaksal.org ਵੈੱਬਸਾਈਟਸ ਤੋਂ ਵੀ ਸੁਣਿਆ ਜਾ ਸਕਦਾ ਹੈ।

ਬਾਨੀ, ਪ੍ਰੋਫ਼ੈਸਰ ਅਤੇ ਮੁੱਖੀ - ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Bhai Manjit Singh Hazuri Ragi

Dr. Amardev Singh

Bhai Manjit Singh Ji is a renowned exponent of Gurmat Sangeet, widely respected and loved for his deep, melodious voice. He served as a Hazoori Raagi at Sri Harmandir Sahib, Amritsar, for nearly four decades and continues to perform there occasionally after his retirement, while also traveling abroad to share Kirtan with the Sangat.

He was born on 6th January 1954, at Gurdwara Dukh Niwaran Sahib, Patiala, into a family deeply rooted in Kirtan. His father, Bhai Piara Singh Ji, was a well-known Kirtani who served as Hazoori Raagi at the same Gurdwara at the time of Bhai Manjit Singh's birth. His mother was Bibi Harnam Kaur Ji. Bhai Piara Singh had learned Kirtan from the great Sant Sujan Singh Ji. Prior to that, while he was still living in Pakistan, he had learned the basics of music from a Muslim Ustad. Bhai Piara Singh Ji's style was influenced by legendary Raagis like Bhai Samund Singh, Bhai Santa Singh, and Sant Sujan Singh.

Growing up in the Gurdwara compound, Bhai Manjit Singh was surrounded by the sounds of Kirtan from an early age. He would often sit and listen as his father practiced at home, which sparked his interest in music. His father played a central role in his musical training, teaching him at home without the need for external instruction. Bhai Manjit Singh recalls sitting beside his father, who would sing and play the Dilruba while training his sons. While pursuing his passion for Kirtan, he also completed his B.A. (Part 2) before fully dedicating himself to music.

Bhai Manjit Singh Ji is blessed with five siblings; four brothers and one sister. All five sons of Bhai Piara Singh Ji were blessed with the gift of Kirtan. The five brothers are Bhai Jaswant Singh, Bhai Satbir Singh, Bhai Jagdeep Singh, Bhai Jagtar Singh, and Bhai Manjit Singh. At various points, Bhai Jaswant Singh, Bhai Satbir Singh, and Bhai Manjit Singh have served as Hazoori Raagis

at Harmandir Sahib.

Bhai Manjit Singh began performing Kirtan as a side harmonium player and vocalist alongside his elder brother Bhai Jaswant Singh. His father had trained his sons with the intention that they would continue serving at Harmandir Sahib after his retirement, which they fulfilled. In 1976, Bhai Jaswant Singh formed a jatha with his brothers, and Bhai Manjit Singh later established his own. Bhai Manjit Singh continued to perform Kirtan at Harmandir Sahib until his retirement in 2014. However, he still remains active and continues to uplift Sangat in India and abroad with his soulful Kirtan.

E-mail: kirtansewamalaysia@gmail.com

ਰਾਗ ਪ੍ਰਭਾਤੀ

ਅਰਸ਼ਦੀਪ ਸਿੰਘ

ਗੁਰੂ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਗਾਂ ਨੂੰ ਇਸ ਪ੍ਰਕਾਰ ਰੱਖਿਆ ਹੈ ਕੀ ਉਹ ਜੀਵ ਨੂੰ ਇਹ ਦਰਸਾਉਂਦੇ ਹਨ ਕਿ ਕਿਵੇਂ ਮਨੁੱਖ ਅਕਾਲ ਪੁਰਖ ਦੀ ਕਿਰਪਾ ਨਾਲ ਅੰਧਕਾਰ ਤੋਂ ਪ੍ਰਭਾਤ ਕਰ ਜਾਂਦਾ ਹੈ – ਭਾਵ ਸੰਧਿਆ-ਪ੍ਰਕਾਸ਼ ਦੇ ਰਾਗ ਸਿਰੀਰਾਗ ਤੋਂ ਲੈਕੇ ਰਾਗ ਪ੍ਰਭਾਤੀ ਤੱਕ । ਪ੍ਰਭਾਤੀ ਇੱਕ ਮਧੁਰ, ਭਗਤੀ ਰਸ ਵਿੱਚ ਡੁੱਬਿਆ ਹੋਇਆ ਇੱਕ ਅਪ੍ਰਚਲਿਤ ਰਾਗ ਹੈ ।

ਪੁਰਾਤਨ ਕੀਰਤਨੀਏ ਅਤੇ ਰਬਾਬੀ ਰਾਗ ਪ੍ਰਭਾਤੀ ਗਾਉਂਦੇ ਸਮੇਂ ਮੰਦਰ ਸਪਤਕ ਵਿੱਚ ਨਹੀਂ ਜਾਂਦੇ ਸਨ ।

ਠਾਠ – ਕਲਿਆਣ

ਸਮਾਂ – ਪ੍ਰਭਾਤ/ਦਿਨ ਦਾ ਪਹਿਲਾ ਪਹਿਰ

ਜਾਤੀ – ਔੜਵ-ਖੌੜਵ

ਵਾਦੀ-ਸੰਵਾਦੀ – ਸਾਂ ਅਤੇ ਪਾ

ਆਰੋਹੀ – ਸਾ ਰੇ ਗਾ, ਪਾ ਧਾ ਸਾਂ

ਅਵਰੋਹੀ – ਸਾਂ ਨੀ ਧਾ ਪਾ, ਗਾ ਰੇ ਸਾ

ਮੁੱਖ ਅੰਗ – ਪਾਧਾਸਾਂ, ਨੀਧਾ ਨੀਪਾ, ਗਾ ਰੇ ਗਾ ਪਾ ਧਾ ਸਾਂ, ਧਾ ਪਾ ਗਾ ਰੇ ਸਾ,

ਪਾਪਾਧਾਸਾਂ, ਸਾਂਸਾਂ ਰੇਂਗਾਂ ਪਾਂਪਾਂ ਗਾਂਰੇਂਸਾਂ, ਨੀਧਾਨੀਪਾ, ਪਾਗਾਪਾਧਾਸਾਂਸਾਂਧਾਪਾ ਗਾ ਰੇ ਸਾ ।

(ਸ੍ਰੋਤ – ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ – ਭਾਗ ੨, Sikh Musicology, ਅਤੇ ਜਵੱਦੀ ਟਕਸਾਲ)

ਪ੍ਰਭਾਤੀ ਬਾਣੀ ਭਗਤ ਨਾਮਦੇਵ ਜੀ ਕੀ

੧ਓ ਸਤਿਗੁਰ ਪ੍ਰਸਾਦਿ ॥

ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥
ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ॥੧॥
ਗੋਬਿਦੁ ਗਾਜੈ ਸਬਦੁ ਬਾਜੈ ॥
ਆਨਦ ਰੂਪੀ ਮੇਰੋ ਰਾਮਈਆ ॥੧॥ ਰਹਾਉ ॥
ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ ॥
ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ ॥੨॥
ਤੁਮ੍ ਚੇ ਪਾਰਸੁ ਹਮ ਚੇ ਲੋਹਾ ਸੰਗੇ ਕੰਚਨੁ ਭੈਇਲਾ ॥
ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ ॥੩॥੨॥

ਰਾਗ ਪ੍ਰਭਾਤੀ - ਝੱਪਤਾਲ (੧੦ ਮਾਤਰ)

×		2			0		3		
ਧਿੰ	ਨਾ	ਧਿੰ	ਧਿੰ	ਨਾ	ਤਿੰ	ਨਾ	ਧਿੰ	ਧਿੰ	ਨਾ
ਸਾਂ	-ਨੀਧਾ	ਨੀ	ਧਾ	ਪਾ	ਗਾਪਾ	ਧਾਪਾ	ਗਾ	ਰੇ	ਸਾ
ਗੋ	ਬਿਦੁ	ਗਾ	S	ਜੈ	ਸS	ਬਦ	ਬਾ	S	ਜੈ
ਸਾਰੇ	ਗਾਰੇ	ਗਾਪਾ	ਧਾ	ਧਾ	ਪਾਧਾਸਾਂਨੀ	ਧਾਪਾ	ਗਾਪਾਧਾਪਾ	ਗਾਰੇ	ਸਾ
ਆ	ਨਦ	ਰੂS	ਪੀ	ਮੇਰੋ	ਰਾSSS	ਮਈ	ਆ	S	S
ਗਾ	ਪਾਧਾ	ਸਾਂ	-	-	ਪਾ	ਧਾਸਾਂ	ਰੇਂ	-	-
ਆ	ਦਿਜੁ	ਗਾ	S	ਦਿਜੁ	ਗਾ	ਦਿਜੁ	ਗੋ	ਜੁ	ਗੁ
ਸਾਂਰੇਂ	ਗਾਂਰੇਂ	ਗਾਂ	ਰੇਂ	ਸਾਂ	ਸਾਂ-	ਨੀਧਾ	ਨੀ	ਧਾ	ਪਾ
ਤਾ	ਕਾ	ਅੰS	ਤੁ	ਨ	ਜਾ	ਨਿS	ਆ	S	S
ਪਾ-	ਧਾਗਾ	ਪਾ	-	-	ਗਾਪਾ	ਧਾਪਾ	ਗਾ	ਰੇ	ਸਾ
ਸਰ	ਬਨਿ	ਰੰ	ਤ	ਰਿ	ਰਾS	ਮੁਰਹਿ	ਆ	ਰ	ਵਿ
ਸਾਰੇ	ਗਾਰੇ	ਗਾਪਾ	ਧਾ	ਧਾ	ਪਾਧਾਸਾਂਨੀ	ਧਾ-ਪਾ	ਗਾਪਾਧਾਪਾ	ਗਾਰੇ	ਸਾ
ਐ	ਸਾ	ਰੂS	ਪੁ	Sਬ	ਖਾSSS	SSਨਿ	ਆSSS	S	S

ਈ-ਮੇਲ: arshdeep.gs@icloud.com

ਰਾਗ ਪਟਦੀਪ

ਸ਼੍ਰੀਮਤੀ ਜਸਵੰਤ ਬੋਲਾ (ਯੂ.ਕੇ.)

ਪਟਦੀਪ ਰਾਗ ਕਾਫ਼ੀ ਥਾਟ ਦਾ ਰਾਗ ਹੈ। ਇਸਦੀ ਜਾਤੀ ਔਡਵ-ਸੰਪੂਰਨ ਹੈ। ਇਸਦੇ ਆਰੋਹ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਅਵਰੋਹ ਸੰਪੂਰਨ ਹੈ। ਇਸ ਰਾਗ ਵਿੱਚ ਗੰਧਾਰ ਕੋਮਲ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਵਾਦੀ ਸੁਰ ਪੰਚਮ ਅਤੇ ਸੰਵਾਦੀ ਸੁਰ ਸ਼ਡਜ ਹੈ। ਗਾਉਣ ਦਾ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਹ ਰਾਗ ਭੀਮ ਪਲਾਸੀ ਨਾਲ ਬਹੁਤ ਮਿਲਦਾ ਜੁਲਦਾ ਹੈ ਪਰ ਭੀਮ ਪਲਾਸੀ ਵਿੱਚ ਨਿਸ਼ਾਦ ਕੋਮਲ ਲੱਗਦਾ ਹੈ ਪਰ ਪਟਦੀਪ ਵਿੱਚ ਸ਼ੁੱਧ ਨਿਸ਼ਾਦ ਹੈ ਜਿਸ ਕਰਕੇ ਇਸ ਦਾ ਸਰੂਪ ਜਲਦੀ ਹੀ ਪਛਾਣਿਆ ਜਾਂਦਾ ਹੈ।

ਆਰੋਹ : ਨ਼ ਸ ਗੁ ਮ ਪ, ਨ ਸੰ

ਅਵਰੋਹ : ਸੰ ਨ – ਧ ਪ, ਮ ਗੁ ਰ ਸ

ਮੁੱਖ ਅੰਗ (ਪਕੜ) : ਨ਼ ਸ ਗੁ ਮ ਪ, ਨ ਧ ਪ, ਮ ਗੁ ਰ ਨ਼ ਸ

ਸੁਰ ਵਿਸਥਾਰ : ਨ਼ ਸ ਗੁ ਰ ਸ, ਨ਼ ਸ ਗੁ, ਮ ਗੁ ਰ ਸ, ਨ਼ ਧ਼ ਪ਼, ਪ਼ ਨ਼, ਪ਼ ਨ਼ ਸ, ਨ਼ ਸ ਗੁ ਮ ਪ, ਮ ਗੁ ਰ ਸ। ਨ਼ ਸ ਗੁ ਮ ਪ, ਗੁ ਮ ਪ ਨ, ਪ ਨ ਧ ਪ, ਮ ਪ ਗੁ, ਮ ਗੁ ਰ ਸ ਨ਼, ਪ਼ ਨ ਸ ਗੁ ਰ ਸ। ਗੁ ਮ ਪ ਨ ਸੰ, ਪ ਨ ਸੰ ਗੁੰ ਰੰ ਸੰ, ਨ ਸੰ ਗੁੰ ਮੰ ਗੁੰ ਰੰ ਸੰ, ਰੰ ਨ ਧ ਪ, ਨ ਧ ਪ ਮ ਪ ਗੁ, ਮ ਗੁ ਰ ਸ, ਨ਼ ਸ ਗ ਮ ਪ।

ਰਾਗ ਪਟਦੀਪ (ਝਪ ਤਾਲ)

ਸਿਰੀਰਾਗੁ ਮਹਲਾ ੧ ਘਰੁ ੪ (ਅੰਗ ੨੫)

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥
ਨ ਜਾਣਾ ਮੇਉ ਨ ਜਾਣਾ ਜਾਲੀ ॥ ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥
ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥
ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥੨॥
ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥
ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥
ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥
ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥੪॥

ਸਥਾਈ

ਨ	ਸਂ	ਧ	ਮ	ਪ	ਗ̱	-	ਮਗ̱	ਰਸ	ਨ਼ਸ
ਤੂ	ऽ	ਦ	ऽ	ਰਿ	ਆ	ऽ	ऽऽ	ऽऽ	ਉऽ
ਨ਼	ਸ	ਗ̱	-	ਮ	ਪ	-	ਗ̱ਮ	ਪਮ	ਪ-
ਦਾ	ऽ	ਨਾ	ऽ	ऽ	ਬੀ	ऽ	ਨਾऽ	ऽऽ	ऽऽ
ਧ	-	ਮ	ਪ	ਪ	ਗ̱ਂ	-	ਰਂ	ਨ	ਸਂ
ਮੈਂ	ऽ	ਮ	ਛ	ਲੀ	ਕੈ	ऽ	ਸੇ	ऽ	ऽ
ਸਂਨ	ਧਪ	ਮਪ	ਗ̱	-	ਮ	-	ਮਗ̱	ਰਸ	ਨ਼ਸ
ਅੰऽ	ਤਲ	ਹਾऽ	ऽ	ऽ	ऽ	ऽ	ਅੰऽ	ਤਲ	ਹਾऽ
×		2			0		3		

ਅੰਤਰਾ

ਪ	ਗ̱	ਮ	ਪ	-	ਨ	-	ਸਂ	ਪਨ	ਸਂ
ਜ	ਹ	ਜ	ਹ	ऽ	ਦੇ	ऽ	ਖਾ	ऽऽ	ऽ
ਗ̱ਂ	ਗ̱ਂ	ਮਂਪਂ	ਗ̱ਂ	-	ਰਂ	-	ਨ	ਸਂ	-
ਤ	ਹ	ਤਹ	ऽ	ऽ	ਤੂ	ऽ	ਹੈ	ऽ	ऽ
ਸਂਰਂ	ਸਂਨ	ਸ	ਨਧ	ਪਮ	ਪ	ਗ̱ਮ	ਗ̱ਰ	ਸਨ਼	ਸ-
ਤੁਝ	ਤੇऽ	ऽ	ਨਿਕ	ਸੀऽ	ऽ	ਫੂऽ	ਟਿਮ	ਰਾऽ	ऽऽ
×		2			0		3		

e-mail: jaswantbola@hotmail.co.uk

THE ALP GROUP

EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS



PIONEERING ENGINEERING SOLUTIONS IN RUBBER & PLASTIC

THE ALP GROUP

Corporate Office:
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgropup.in
E-mail: alp@anbros.com